Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 44
Daily Newspaper Tuesday, March 05, 2019 Tel: 905-793-2202 Fax: 905-793-2282 news@punjabipost.ca

# ਜੇਨ ਫਿਲਪੌਟ ਨੇ ਵੀ ਟਰੂਡੋ ਮੰਤਰੀ ਮੰਡਲ ਤੋਂ ਦਿੱਤਾ ਅਸਤੀਫਾ

## ਐਸਐਨਸੀ-ਲਾਵਾਲਿਨ ਮਾਮਲੇ ਨੂੰ ਦੱਸਿਆ ਅਸਤੀਫਾ ਦੇਣ ਦਾ ਕਾਰਨ



ਓਟਵਾ, 4 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਮੁਸ਼ਕਲਾਂ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀਆਂ। ਹੁਣ ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਜੇਨ ਫਿਲਪੌਟ ਨੇ ਫੈਡਰਲ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਅਸਤੀਫਾ ਦੇਣ ਸਮੇਂ ਆਖਿਆ ਕਿ ਜਿਸ ਢੰਗ ਨਾਲ ਸਰਕਾਰ ਐਸਐਨਸੀ-ਲਾਵਾਲਿਨ ਮਾਮਲੇ ਨੂੰ ਹੈਂਡਲ ਕਰ ਰਹੀ ਹੈ ਉਸ ਤੋਂ ਉਸ ਦਾ ਭਰੋਸਾ ਉੱਠ ਗਿਆ ਹੈ।

ਆਪਣੀ ਐਮਪੀ ਵੈੱਬਸਾਈਟ ਉੱਤੇ ਪੋਸਟ ਕੀਤੇ ਬਿਆਨ ਵਿੱਚ ਫਿਲਪੌਟ ਨੇ ਆਖਿਆ ਕਿ ਐਸਐਨਸੀ-ਲਾਵ-'ਲਿਨ ਸਮੇਤ ਤਾਜ਼ਾ ਵਾਪਰੀਆਂ ਘਟਨਾਵਾਂ ਨੇ ਪਿਛਲੇ ਦਿਨੀਂ ਫੈਡਰਲ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਫਿਲਪੌਟ ਨੇ ਆਖਿਆ ਕਿ ਇਸ ਦੇ ਮੱਦੇਨਜ਼ਰ ਹੀ ਉਨ੍ਹਾਂ ਨੇ ਵੀ ਕੈਬਨਿਟ ਮੈਂਬਰ ਵਜੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਆਪਣੀ ਗਵਾਹੀ ਵਿੱਚ ਰੇਅਬੋਲਡ ਨੇ ਦੋਸ਼ ਲਾਇਆ ਸੀ ਕਿ ਕਿਊਬਿਕ ਸਥਿਤ ਇੰਜੀਨੀਅਰਿੰਗ ਫਰਮ ਐਸਐਨਸੀ-ਲਾਵਾਲਿਨ ਖਿਲਾਫ ਮੁਜਰਮਾਨਾ ਕਾਰਵਾਈ ਨੂੰ ਰੋਕਣ ਲਈ ਟਰੂਡੋ ਤੇ ਨੌਂ ਹੋਰਨਾਂ ਉੱਚ ਸਰਕਾਰੀ ਅਧਿਕਾਰੀਆਂ ਨੇ ਉਸ ਉੱਤੇ ਦਬਾਅ ਪਾਇਆ ਸੀ। ਰੇਅਬੋਲਡ ਨੇ ਆਖਿਆ ਕਿ ਉਸ ਉੱਤੇ ਕੰਪਨੀ ਨਾਲ ਅਦਾਲਤ ਤੋਂ ਬਾਹਰ ਸੈਟਲਮੈਂਟ ਕਰਨ ਦੇ ਕਿਊਬਿਕ ਵਿੱਚ ਲਿਬਰਲਾਂ ਦੀ ਸਾਖ ਨੂੰ ਬਚਾਉਣ ਲਈ ਨਾ ਸਿਰਫ ਸਿਆਸੀ ਦਬਾਅ ਹੀ ਪਾਇਆ ਗਿਆ ਸਗੋਂ ਉਸ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ। ਦੋਸ਼ੀ ਪਾਏ ਜਾਣ ਉੱਤੇ ਕੰਪਨੀ ਇੱਕ ਦਹਾਕੇ ਲਈ ਫੈਡਰਲ ਕਾਂਟਰੈਕਟਸ ਹਾਸਲ ਕਰਨ ਜਾਂ ਉਨ੍ਹਾਂ ਲਈ ਬੋਲੀ ਲਾਉਣ ਤੋਂ ਵਾਂਝੀ ਹੋ ਸਕਦੀ ਹੈ। ਰੇਅਬੋਲਡ ਦੇ ਬਿਆਨ ਤੋਂ ਬਾਅਦ ਤੋਂ ਹੀ ਟਰੂਡੋ ਤੋਂ ਵੀ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਆਪਣੇ ਅਸਤੀਫੇ ਸਬੰਧੀ ਪੱਤਰ ਵਿੱਚ ਫਿਲਪੌਟ ਨੇ ਆਖਿਆ ਕਿ ਉਨ੍ਹਾਂ ਦੀ ਦੋਸਤ ਵੱਲੋਂ ਇਸ ਮਾਮਲੇ ਵਿੱਚ ਪਾਏ ਗਏ ਕਥਿਤ ਦਬਾਅ ਦੇ ਸਬੂਤਾਂ ਨੇ ਉਨ੍ਹਾਂ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ...ਬਾਕੀ ਪੰਨਾ 6 'ਤੇ

# ਕੋਵਰਿਗ ਤੇ ਸਪੇਵਰ ਉੱਤੇ ਚੀਨ ਵੱਲੋਂ ਜਾਸੂਸੀ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਨੂੰ ਟਰੂਡੋ ਨੇ ਨਕਾਰਿਆ



ਓਟਵਾ, 4 ਮਾਰਚ (ਪੋਸਟ ਬਿਊਰੋ) : ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਉੱਤੇ ਜਾਸੂਸੀ ਕਰਨ ਤੇ ਦੇਸ਼ ਦੇ ਸੀਕਰੇਟ ਚੋਰੀ ਕਰਨ ਦੀਆਂ ਮਿਲ ਰਹੀਆਂ ਰਿਪੋਰਟਾਂ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖੰਡਨ ਕੀਤਾ ਗਿਆ ਹੈ।

ਸੋਮਵਾਰ ਨੂੰ ਟਰੂਡੋ ਨੇ ਆਖਿਆ ਕਿ ਬੜੀ ਹੀ ਮੰਦਭਾਗੀ ਗੱਲ ਹੈ ਕਿ ਚੀਨ ਕੈਨੇਡਾ ਦੇ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਤੇ ਕਾਰੋਬਾਰੀ ਮਾਈਕਲ ਸਪੇਵਰ ਦੇ ਮਾਮਲੇ ਨੂੰ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ। ਇਨ੍ਹਾਂ ਦੋਵਾਂ ਨੂੰ ਚੀਨੀ ਅਧਿਕਾਰੀਆਂ ਵੱਲੋਂ ਦਸੰਬਰ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਚੀਨ ਦੀ ਟੈਕਨੀਕਲ ਜਾਇੰਟ ਕੰਪਨੀ ਹੁਆਵੇਈ ਟੈਕਨਾਲੋਜੀਜ਼ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਦੇਸ਼ ਦੀ ਨੈਸ਼ਨਲ ਸਕਿਊਰਿਟੀ ਨੂੰ ਖਤਰਾ ਦੱਸ ਕੇ ਗ੍ਰਿਫਤਾਰ ਕੀਤੇ ਜਾਣ ਤੋਂ ਕੁੱਝ ਦੇਰ ਬਾਅਦ ਹੀ ਦੋਵਾਂ ਕੈਨੇਡੀਅਨਾਂ ਨੂੰ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਕੈਨੇਡਾ ਨੇ ਮੈਂਗ ਨੂੰ ਅਮਰੀਕਾ ਦੇ ਕਹਿਣ ਉੱਤੇ ਗ੍ਰਿਫਤਾਰ ਕੀਤਾ ਸੀ ਤੇ ਅਮਰੀਕਾ ਫਰਾਡ ਦੇ ਮਾਮਲੇ ਵਿੱਚ ਮੈਂਗ ਦੀ ਹਵਾਲਗੀ ਚਾਹੁੰਦਾ ਹੈ।

ਪ੍ਰਿੰਸ ਐਡਵਰਡ ਆਈਲੈਂਡ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਅਸੀਂ ਨਿਯਮ ਕਾਨੂੰਨ ਦੀ ਪਾਲਣਾ ਕਰਨ ਵਾਲਾ ਦੇਸ਼ ਹਾਂ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਹਰ ਹਾਲ ਵਿੱਚ ਕਾਨੂੰਨ ਦੀ ਪਾਲਣਾ ਕੀਤੀ ਜਾਵੇ ਤੇ ਅਸੀਂ ਸਹੀ ਢੰਗ ਨਾਲ ਇਸ ਪ੍ਰਕਿਰਿਆ ਨੂੰ ਪੂਰਾ ਕਰਾਂਗੇ। ਉਨ੍ਹਾਂ ਇਹ ਵੀ ਆਖਿਆ ਕਿ ਬੜੇ ਹੀ ਅਫਸੋਸ ਵਾਲੀ ਗੱਲ ਹੈ ਕਿ ਚੀਨ ਮਨਮਾਨੇ ਢੰਗ ਨਾਲ ਦੋ ਕੈਨੇਡੀਅਨਾਂ ਨੂੰ ਨਜ਼ਰਬੰਦ ਕਰੀ ਬੈਠਾ ਹੈ।

...ਬਾਕੀ ਪੰਨਾ 6 'ਤੇ

ਸਿੱਖ ਸਪ੍ਰਿਚੂਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਵਿਖੇ ਹਰ ਸ਼ੁਕਰਵਾਰ ਸ਼ਾਮ 7 ਤੋਂ 8 ਵਜੇ ਤੱਕ ਨਾਮ ਸਿਮਰਨ ਕਰਵਾਇਆ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ:- 416-746-6666

# ਫੈਡਰਲ ਚੋਣਾਂ ਵਿੱਚ ਲਿਬਰਲ ਉਮੀਦਵਾਰ ਵਜੋਂ ਹਿੱਸਾ ਲਵੇਗੀ ਰੇਅਬੋਲਡ !



ਓਟਵਾ, 4 ਮਾਰਚ (ਪੋਸਟ ਬਿਊਰੋ) : ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ, ਐਸਐਨਸੀ ਲਾਵਾਲਿਨ ਮਾਮਲੇ ਵਿੱਚ ਪਾਰਲੀਆਮੈਂਟ ਦੀ ਨਿਆਂ ਕਮੇਟੀ ਸਾਹਮਣੇ ਪਿਛਲੇ ਹਫਤੇ ਦਿੱਤੀ ਗਈ ਜਿਸ ਦੀ ਗਵਾਹੀ ਕਾਰਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ, ਦਾ ਕਹਿਣਾ ਹੈ ਕਿ ਉਹ ਅਕਤੂਬਰ ਵਿੱਚ ਹੋਣ ਜਾ ਰਹੀਆਂ ਆਮ ਚੋਣਾਂ ਵਿੱਚ ਲਿਬਰਲ ਪਾਰਟੀ ਲਈ ਖੜ੍ਹਾ ਹੋਣਾ ਚਾਹੇਗੀ।

ਰੇਅਬੋਲਡ ਦੇ ਆਫਿਸ ਵੱਲੋਂ ਭੇਜੀ ਗਈ ਈ-ਮੇਲ ਵਿੱਚ ਆਖਿਆ ਗਿਆ ਕਿ ਵਿਲਸਨ ਰੇਅਬੋਲਡ ਚੁਣੀ ਗਈ ਆਗੂ ਹੈ ਤੇ ਉਹ ਵੈਨਕੂਵਰ ਗ੍ਰੈਨਵਿੱਲੇ ਹਲਕੇ ਤੋਂ ਲਿਬਰਲ ਐਮਪੀ ਵਜੋਂ ਲੋਕਾਂ ਦੀ ਸੇਵਾ ਕਰਨੀ ਜਾਰੀ ਰੱਖੇਗੀ। ਪਿਛਲੇ ਸਾਲ ਵੈਨਕੂਵਰ ਦੇ ਗ੍ਰੈਨਵਿੱਲੇ ਹਲਕੇ ਤੋਂ ਰੇਅਬੋਲਡ ਨੂੰ ਲਿਬਰਲ ਪਾਰਟੀ ਆਫ ਕੈਨੇਡਾ ਦਾ ਉਮੀਦਵਾਰ ਐਲਾਨਿਆ ਗਿਆ ਸੀ। ਪਿਛਲੇ ਹਫਤੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਸੀ ਕਿ ਉਨ੍ਹਾਂ ਅਜੇ ਇਹ ਫੈਸਲਾ ਨਹੀਂ ਕੀਤਾ ਹੈ ਕਿ ਰੇਅਬੋਲਡ, ਜਿਨ੍ਹਾਂ ਨੇ ਪਿਛਲੇ ਮਹੀਨੇ ਵੈਟਰਨਜ਼ ਅਫੇਅਰਜ਼ ਮੰਤਰੀ ਵਜੋਂ ਅਸਤੀਫਾ ਦਿੱਤਾ ਸੀ, ...ਬਾਕੀ ਪੰਨਾ 6 'ਤੇ

## ਚਾਰਾਂ ਵਿੱਚੋਂ ਇੱਕ ਕੈਨੇਡੀਅਨ ਦੀ ਵੋਟ ਨੂੰ ਪ੍ਰਭਾਵਿਤ ਕਰੇਗਾ ਐਸਐਨਸੀ-ਲਾਵਾਲਿਨ ਮਾਮਲਾ: ਸਰਵੇ

ਓਟਵਾ, 4 ਮਾਰਚ (ਪੋਸਟ ਬਿਊਰੋ) : ਚਾਰਾਂ ਵਿੱਚੋਂ ਇੱਕ ਕੈਨੇਡੀਅਨ ਦਾ ਕਹਿਣਾ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਕਾਰਨ ਅਗਲੀਆਂ ਫੈਡਰਲ ਚੋਣਾਂ ਵਿੱਚ ਉਨ੍ਹਾਂ ਦੀ ਵੋਟ ਪ੍ਰਭਾਵਿਤ ਹੋਵੇਗੀ। ਨਵੇਂ ਨੈਨੋਜ਼ ਸਰਵੇਖਣ ਅਨੁਸ-ਾਰ ਇਸ ਵਾਰੀ ਵੱਡਾ ਉਲਟਫੇਰ ਹੋਣ ਦੀ ਸੰਭਾਵਨਾ ਹੈ।

ਬੁੱਧਵਾਰ ਨੂੰ ਜੋਡੀ ਵਿਲਸਨ ਰੇਅਬੋਲਡ ਵੱਲੋਂ ਦਿੱਤੀ ਗਈ ਗਵਾਹੀ ਵਿੱਚ ਉੱਚ ਸਰਕਾਰੀ ਅਧਿਕਾਰੀਆਂ ਉੱਤੇ ਇਹ ਦੋਸ਼ ਲਾਏ ਗਏ ਸਨ ਕਿ ਐਸਐਨਸੀ-ਲਾਵਾਲਿਨ ਖਿਲਾਫ ਕਾਨੂੰਨੀ ਕਾਰਵਾਈ ਰੋਕਣ ਲਈ ਉਸ ਉੱਤੇ ਦਬਾਅ ਪਾਇਆ ਗਿਆ ਤੇ ਉਸ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ। ਇਸ ਗਵਾਹੀ ਤੋਂ ਪਹਿਲਾਂ 17 ਫੀ ਸਦੀ ਕੈਨੇਡੀਅਨਾਂ ਨੇ ਆਖਿਆ ਸੀ ਕਿ ਉਹ 2019 ਦੀਆਂ ਚੋਣਾਂ ਦੌਰਾਨ ਵੋਟ ਕਰਨ ਸਮੇਂ ਇਸ ਮੁੱਦੇ ਨੂੰ ਧਿਆਨ ਵਿੱਚ ਰੱਖ ਕੇ ਹੀ ਵੋਟ ਕਰਨਗੇ।

ਪਰ ਇਸ ਸੁਣਵਾਈ ਤੋਂ ਦੋ ਦਿਨ ਬਾਅਦ ਅਜਿਹੀ ਸੋਚ ਰੱਖਣ ਵਾਲੇ ਵੋਟਰਾਂ ਦੀ ਗਿਣਤੀ ਵਿੱਚ 10 ਫੀ ਸਦੀ ਇਜਾਫਾ ਹੋਇਆ ਤੇ ਅਜਿਹਾ ਸੋਚਣ ਵਾਲਿਆਂ ਦੀ ਗਿਣਤੀ 26 ਫੀ ਸਦੀ ਤੱਕ ਅੱਪੜ ਗਈ। ਪ੍ਰੇਰੀਜ਼ ਵਿੱਚ ਰਹਿਣ ਵਾਲੇ 27 ਫੀ ਸਦੀ ਵੋਟਰ, ਐਟਲਾਂਟਿਕ ਕੈਨੇਡਾ ਦੇ ਹੋਰ 10 ਫੀ ਸਦੀ ਵੋਟਰ, ਓਨਟਾਰੀਓ ਵਿਚਲੇ ਅੱਠ ਫੀ ਸਦੀ ਵੋਟਰ, ਬੀਸੀ ਦੇ 25 ਫੀ ਸਦੀ ਵੋਟਰਾਂ ਨੇ ਆਖਿਆ ਕਿ ਵੋਟ ਕਰਦੇ ਸਮੇਂ ਐਸਐਨਸੀ-ਲਾਵਾਲਿਨ ਮਾਮਲਾ ਉਨ੍ਹਾਂ ਦੀ ਵੋਟ ਨੂੰ ਪ੍ਰਭਾਵਿਤ ਕਰੇਗਾ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

HSBA TAX SERVICES ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare ANY Airline Time Destination Around the World

WESTJET vacations

transat Holidays sunwing AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



TOTAL HOME Windows & Doors

ਮੂੰਹੋ ਬੋਲਦੀ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਘਰ ਦੀ ਸ਼ਾਨ ਵਧਾਉ।

WINTER & SPRING SPECIAL SALE

Guaranteed lowest Price up to 50% OFF

- WINDOWS
- FIBERGLASS DOORS
- STEEL DOORS
- SLIDING PATIO DOORS

- Honest & fair prices
- Professional installation
- High quality products
- First class service



For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



PATANJALI®

Special on Sale

BUY 2 GET 1 FREE
- Aloe Vera Gel
- Herbal Toothpaste
- Any Shampoo
- Any Soap



BUY 2 GET 1 FREE Aloe Vera Gel
BUY 2 GET 1 FREE Toothpaste (Dant Kanti)
BUY 2 GET 1 FREE Hair Cleanser

Buy 1 and get 2nd 50% off
- Tulsi Vati
- Neem Vati



$4.99 +tax Whole Wheat Atta

416.356.3987
647.773.7657

www.patanjalisewakendrabrampton.ca
patanjalibrampton@gmail.com

22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2



ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops



We Specialize In: 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਫਸ ਗਈ ਸੀਟ ਬਠਿੰਡੇ ਦੀ ਕਹਿਣ ਸਾਰੇ,
ਕਿਹੜਾ ਕਿੱਧਰ ਤੋਂ ਚੋਣ ਇਹ ਲੜੂ ਬੇਲੀ।
ਫਿਰੋਜ਼ਪੁਰ ਜਾਊ ਜਾਂ ਏਥੇ ਹੀ ਰਹੂ ਬੀਬੀ,
ਮੂਹਰੇ ਟੱਕਰ ਲਈ ਕੌਣ ਫਿਰ ਖੜੂ ਬੇਲੀ।
ਐਤਕੀਂ ਆਉਣਾ ਨਹੀਂ ਮਨਪ੍ਰੀਤ ਸੋਂਹ ਨੇ,
ਲੀਡਰ ਏਹੋ ਜਿਹਾ ਕੌਣ ਫਿਰ ਅੜੂ ਬੇਲੀ।
ਪੈਸੇ ਨਾਲ ਹਨ ਆਫਰ ਗਏ ਬੈਂਕ ਜੀਹਦੇ,
ਆ ਕੇ ਉਹ ਹੀ ਅਖਾੜੇ ਵਿੱਚ ਵੜੂ ਬੇਲੀ।
ਜਾਂ ਤਾਂ ਆਊਗਾ ਉਹੀ ਕਿ ਸਾਫ ਜਿਸ ਨੂੰ,
ਲੁਕਵੀਂ ਮਦਦ ਦੀ ਪੱਕੀ ਆ ਝਾਕ ਬੇਲੀ।
ਜਾਂ ਫਿਰ ਹਾਰ ਤੇ ਜਿੱਤ ਨੂੰ ਭੁੱਲ ਜਿਹੜਾ,
ਰੱਖੀ ਫਿਰਦਾ ਉਗਰਾਹੀ ਦੀ ਤਾਕ ਬੇਲੀ।

ਤੀਸ ਮਾਰ ਖਾਂ

# ਕਤਲ ਦੇ ਮਾਮਲੇ ਵਿੱਚ 20 ਸਾਲਾ ਵਿਅਕਤੀ ਚਾਰਜ



ਪਿਕਰਿੰਗ, 4 ਮਾਰਚ (ਪੋਸਟ ਬਿਊਰੋ) : ਪਿਕਰਿੰਗ ਦੇ ਵਿਅਕਤੀ ਦਾ ਕਤਲ ਕਰਨ ਦੇ ਮਾਮਲੇ ਵਿੱਚ 20 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਜਿਸ ਵਿਅਕਤੀ ਦਾ ਕਤਲ ਕੀਤਾ ਗਿਆ ਉਸ ਦੀ ਲਾਸ਼ ਜਨਵਰੀ ਵਿੱਚ ਜੰਗਲ ਵਿੱਚੋਂ ਮਿਲੀ ਸੀ।

ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਜਦੋਂ ਆਪਣੇ ਕੁੱਤਿਆਂ ਨੂੰ ਘੁਮਾਉਣ ਲਈ ਉੱਧਰ ਗਈ ਤਾਂ ਉਸ ਨੂੰ ਲਿਵਰਪੂਲ ਰੋਡ ਨੌਰਥ ਨੇੜੇ ਪਾਈਨ ਰਿੱਜ ਸੈਕੰਡਰੀ ਸਕੂਲ ਦੇ ਉੱਤਰ ਵੱਲ ਇੱਕ ਵਿਅਕਤੀ ਦੀ ਲਾਸ਼ ਨਜ਼ਰ ਆਈ। ਇਹ ਗੱਲ 25 ਜਨਵਰੀ ਨੂੰ ਸਵੇਰੇ 7:30 ਵਜੇ ਦੀ ਹੈ। ਜਾਂਚਕਾਰਾਂ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ 24 ਸਾਲਾ ਨਿਕੋਲਸ ਸ਼ਾਮਾਰੂ ਵਜੋਂ ਹੋਈ ਹੈ।

ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਐਤਵਾਰ ਨੂੰ ਇੱਕ ਮਸ਼ਕੂਕ ਨੇ ਆਪਣੇ ਆਪ ਹੀ ਪੁਲਿਸ ਅਧਿਕਾਰੀਆਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਪਿਕਰਿੰਗ ਦੇ 20 ਸਾਲਾ ਕੇਅਰੀ ਰੇਅਨੌਲਡਜ਼ ਨੂੰ ਫਰਸਟ ਡਿਗਰੀ ਮਰਡਰ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ ਤੇ ਉਸ ਦੀ ਜ਼ਮਾਨਤ ਦੀ ਸੁਣਵਾਈ ਵੀ ਜਲਦ ਹੋਵੇਗੀ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਸ ਹੋਰ ਮਸ਼ਕੂਕ ਇਸ ਕਤਲ ਦੇ ਮਾਮਲੇ ਵਿੱਚ ਸ਼ਾਮਲ ਹੈ। ਅਜੇ ਤੱਕ ਇਸ ਸਬੰਧ ਵਿੱਚ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
* Some Conditions Apply
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਪਾਕਿ ਵਿੱਚ 250 ਅੱਤਵਾਦੀ ਮਾਰਨ ਦੇ ਦਾਅਵੇ ਉੱਤੇ ਅਮਿਤ ਸ਼ਾਹ ਅਜੇ ਵੀ ਕਾਇਮ

ਨਵੀਂ ਦਿੱਲੀ, 4 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਅੱਡਿਆਂ ਉੱਤੇ ਭਾਰਤੀ ਹਵਾਈ ਫੌਜ ਦੀ ਏਅਰ ਸਟ੍ਰਾਈਕ ਉੱਤੇ ਰਾਜਨੀਤੀ ਪਹਿਲਾਂ ਤੋਂ ਤੇਜ਼ ਹੋ ਗਈ ਹੈ। ਕਈ ਵਿਰੋਧੀ ਧਿਰਾਂ ਨੇ ਅੱਤਵਾਦੀਆਂ 'ਤੇ ਕੀਤੇ ਗਏ ਇਸ ਹਮਲੇ ਦੇ ਸਬੂਤ ਮੰਗੇ ਹਨ। ਹਵਾਈ ਫੌਜ ਨੇ ਹਾਲੇ ਤਕ ਏਅਰ ਸਟ੍ਰਾਈਕ ਵਿੱਚ ਮਾਰੇ ਗਏ ਅੱਤਵਾਦੀਆਂ ਦੀ ਗਿਣਤੀ ਨਹੀਂ ਦੱਸੀ, ਪਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਦਾਅਵਾ ਹੈ ਕਿ ਹਮਲੇ ਵਿੱਚ ਢਾਈ ਸੌ ਅੱਤਵਾਦੀ ਮਰੇ ਹਨ। ਕਾਂਗਰਸ ਨੇ ਪੁੱਛਿਆ ਹੈ ਕਿ ਅਮਿਤ ਸ਼ਾਹ ਕੋਲ ਇਹ ਅੰਕੜੇ ਕਿੱਥੋਂ ਆਏ?

ਭਾਰਤੀ ਹਵਾਈ ਫੌਜ ਵੱਲੋਂ ਪਾਕਿਸਤਾਨ ਦੇ ਬਾਲਾਕੋਟ ਵਿੱਚ ਕੀਤੀ ਕਾਰਵਾਈ ਦੇ ਸਬੂਤ ਮੰਗਣ ਵਾਲੀਆਂ ਵਿਰੋਧੀ ਪਾਰਟੀਆਂ ਉੱਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਨੇ ਕਿਹਾ, 'ਇਹ ਭਾਰਤ ਦੇ ਸੁਰੱਖਿਆ ਦਸਤਿਆਂ ਦੀ ਬਹਾਦਰੀ ਬਾਰੇ ਸਵਾਲ ਉਠਾ ਕੇ ਕਾਰਾਵਾਈ ਉੱਤੇ ਸ਼ੱਕ ਪੈਦਾ ਕਰਦੇ ਹਨ। ਭਾਰਤੀ ਆਗੂਆਂ ਦੀ ਏਦਾਂ ਦੀ ਜ਼ੁਬਾਨ ਸੁਣ ਕੇ ਪਾਕਿਸਤਾਨ ਮੁਸਕਰਾ ਰਿਹਾ ਹੈ, ਉਸ ਨੂੰ ਸਕੂਨ ਮਿਲਦਾ ਹੈ।' ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੁਰੱਖਿਆ ਫੋਰਸਾਂ ਦੀ ਪ੍ਰਾਪਤੀ ਦੀ ਤਾਰੀਫ਼ ਨਹੀਂ ਕਰ ਸਕਦੀਆਂ ਤਾਂ ਚੁੱਪ ਰਹਿਣ। ਪ੍ਰਧਾਨ ਮੰਤਰੀ ਦੀ ਅਗਵਾਈ ਦੀ ਪ੍ਰਸ਼ੰਸਾ ਵਿੱਚ ਅਮਿਤ ਸ਼ਾਹ ਨੇ ਕਿਹਾ, 'ਉਨ੍ਹਾਂ ਨੇ ਪੁਰਾਣੇ ਬਾਕੀ ਕੰਮ ਪੂਰੇ ਕਰਦੇ ਹੋਏ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈਣ ਦੀ ਯੋਜਨਾ ਬਣਾਈ ਤੇ ਸਿਰੇ ਚਾੜ੍ਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅੱਤਵਾਦ ਨੂੰ ਬਰਦਾਸ਼ਤ ਨਾ ਕਰਨ ਦੀ ਨੀਤੀ ਨੂੰ ਦੇਸ਼ ਤੇ ਦੁਨੀਆ ਸਾਹਮਣੇ ਰੱਖਿਆ ਹੈ। 2016 ਵਿੱਚ ਹੋਈ ਸਰਜੀਕਲ ਸਟ੍ਰਾਈਕ ਤੋਂ ਬਾਅਦ 26 ਫਰਵਰੀ ਨੂੰ ਹੋਈ ਏਅਰ ਸਟ੍ਰਾਈਕ ਇਸ ਦੀਆਂ ਮਿਸਾਲਾਂ ਹਨ, ਪਰ

### ਕਾਂਗਰਸ ਨੇ ਪੁੱਛਿਆ: 250 ਦਾ ਅੰਕੜਾ ਕਿੱਥੋਂ ਲਿਆ



ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਇਹ ਕਾਰਵਾਈ ਹਜ਼ਮ ਨਹੀਂ ਹੋਈ। ਮਮਤਾ ਬੈਨਰਜੀ ਸਬੂਤ ਮੰਗਦੀ ਹੈ, ਰਾਹੁਲ ਬਾਬਾ ਕਾਰਵਾਈ ਨੂੰ ਸਿਆਸੀ ਐਨਕਾਂ ਨਾਲ ਦੇਖਦੇ ਹਨ, ਅਖਿਲੇਸ਼ ਯਾਦਵ ਕਾਰਵਾਈ ਦੀ ਜਾਂਚ ਦੀ ਮੰਗ ਕਰਦੇ ਹਨ। ਦੇਸ਼ ਨੂੰ ਏਦਾਂ ਦੇ ਬਿਆਨਾਂ ਤੋਂ ਸ਼ਰਮ ਆ ਰਹੀ ਹੈ ਤੇ ਪਾਕਿਸਤਾਨ ਇਨ੍ਹਾਂ ਨੂੰ ਸੁਣ ਕੇ ਮੁਸਕਰਾ ਰਿਹਾ ਹੈ। ਸੁਰੱਖਿਆ ਫੌਰਸਾਂ ਦੇ ਹੌਸਲੇ ਉੱਤੇ ਸਵਾਲ ਕਰਦੇ ਇਨ੍ਹਾਂ ਆਗੂਆਂ ਦੀ ਪ੍ਰੈੱਸ ਕਾਨਫਰੰਸ ਪਾਕਿਸਤਾਨੀ ਹਾਕਮਾਂ ਦੇ ਬੁਝੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣ ਦਾ ਕੰਮ ਰਹੀ ਹੈ।

ਇਸ ਦੌਰਾਨ ਦਿੱਲੀ ਵਿੱਚ ਕਾਂਗਰਸ ਪਾਰਟੀ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਸਵਾਲ ਕੀਤਾ ਹੈ ਕਿ ਏਅਰ ਵਾਈਸ ਮਾਰਸ਼ਲ ਆਰ ਜੀ ਕੇ ਕਪੂਰ ਨੇ ਕਿਹਾ ਹੈ ਕਿ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਅੱਤਵਾਦੀ ਕੈਂਪ ਉੱਤੇ ਹਵਾਈ ਹਮਲੇ ਵਿੱਚ ਕਿੰਨੇ ਅੱਤਵਾਦੀ ਮਾਰੇ ਗਏ, ਪਰ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਦਾਅਵਾ ਹੈ ਕਿ ਏਅਰ ਸਟ੍ਰਾਈਕ ਵਿੱਚ ਢਾਈ ਸੌ ਅੱਤਵਾਦੀ ਮਾਰੇ ਗਏ ਹਨ, ਕੀ ਇਹ ਏਅਰ ਸਟ੍ਰਾਈਕ ਬਾਰੇ ਰਾਜਨੀਤੀ ਨਹੀਂ ਕੀਤੀ ਜਾ ਰਹੀ?

ਦੂਸਰੇ ਪਾਸੇ ਭਾਰਤੀ ਹਵਾਈ ਫੌਜ ਦੇ ਮੁਖੀ ਏਅਰ ਚੀਫ਼ ਮਾਰਸ਼ਲ ਬੀ ਐਸ ਧਨੋਆ ਨੇ ਅੱਜ ਕਿਹਾ ਹੈ ਕਿ ਹਵਾਈ ਫ਼ੌਜ ਹਮਲਾ ਕਰਦੀ ਹੈ ਤਾਂ ਮ੍ਰਿਤਕਾਂ ਦੀ ਗਿਣਤੀ ਨਹੀਂ ਕਰਦੀ ਤੇ ਬਾਲਾਕੋਟ ਅਤਿਵਾਦੀ ਕੈਂਪ ਉੱਤੇ ਹਵਾਈ ਹਮਲੇ ਵਿੱਚ ਕਿੰਨੇ ਬੰਦੇ ਮਾਰੇ ਗਏ, ਇਹ ਜਾਣਕਾਰੀ ਸਰਕਾਰ ਦੇਵੇਗੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ ਨਿਸ਼ਾਨਾ ਬਣਾਏ ਗਏ ਅੱਡਿਆਂ ਵਿਚ ਮੌਜੂਦ ਲੋਕਾਂ ਦੇ ਅੰਕੜੇ ਉੱਤੇ ਨਿਰਭਰ ਕਰਦੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਮਾਇਆਵਤੀ ਨੇ ਮੋਦੀ ਤੋਂ ਪੁੱਛਿਆ : ਰਾਫੇਲ ਪੰਜ ਸਾਲਾਂ 'ਚ ਭਾਰਤੀ ਬੇੜੇ 'ਚ ਸ਼ਾਮਿਲ ਕਿਉਂ ਨਾ ਕੀਤਾ?

ਲਖਨਊ, 4 ਮਾਰਚ, (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਅੱਜ ਕੱਲ੍ਹ ਭਾਜਪਾ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਲਗਾਤਾਰ ਹਮਲਾ ਬੋਲ ਰਹੀ ਹੈ। ਟਵਿੱਟਰ ਉੱਤੇ ਬੇਹੱਦ ਸਰਗਰਮ ਮਾਇਆਵਤੀ ਨੇ ਸਵਾਲ ਕੀਤਾ ਹੈ ਕਿ ਪੰਜ ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਰਾਫੇਲ ਜਹਾਜ਼ ਕਿਉਂ ਨਾ ਖ਼ਰੀਦਿਆ।

ਅੱਜ ਏਥੇ ਮਾਇਆਵਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿਆਸੀ ਰੈਲੀਆਂ ਵਿੱਚ ਕਹਿਣਾ ਹੈ ਕਿ ਪਾਕਿਸਤਾਨ ਦੇ ਖ਼ਿਲਾਫ਼ ਲੜਾਈ ਵਿੱਚ ਰਾਫੇਲ ਜਹਾਜ ਬਹੁਤ ਕੰਮ ਆ ਸਕਦਾ ਸੀ, ਜੇ ਇਹ ਗੱਲ ਸੀ ਤਾਂ ਪੰਜ ਸਾਲਾਂ ਦੇ ਇਨ੍ਹਾਂ ਦੇ ਰਾਜ ਵਿੱਚ ਇਕ ਵੀ ਰਾਫੇਲ ਜਹਾਜ਼ ਭਾਰਤੀ ਬੇੜੇ 'ਚ ਸ਼ਾਮਲ ਕਿਉਂ ਨਾ ਕੀਤਾ ਗਿਆ। ਉਨ੍ਹਾਂ ਇਹ ਪੁੱਛਿਆ ਕਿ ਭਾਜਪਾ ਨੇ ਦੇਸ਼ ਦੀ ਰੱਖਿਆ ਤੇ ਸੁਰੱਖਿਆ ਨਾਲ ਖਿਲਵਾੜ ਕਿਉਂ ਕੀਤਾ? ਰਾਫੇਲ ਜਹਾਜ਼ ਬਾਰੇ ਨਰਿੰਦਰ ਮੋਦੀ ਦੇ ਤਾਜ਼ਾ ਬਿਆਨ ਉੱਤੇ ਬਸਪਾ ਦੀ ਮੁਖੀ ਮਾਇਆਵਤੀ ਨੇ ਟਵੀਟ ਕਰਦਿਆਂ ਲਿਖਿਆ ਕਿ ਪੀ ਐੱਮ ਮੋਦੀ ਦਾ ਰੈਲੀਆਂ 'ਚ ਇਹ ਕਹਿਣਾ ਹੈ ਕਿ ਪਾਕਿਸਤਾਨ ਨਾਲ ਲੜਾਈ 'ਚ ਰਾਫੇਲ ਜਹਾਜ਼ ਬਹੁਤ ਕੰਮ ਆ ਸਕਦਾ ਸੀ। ਇਹ ਗੱਲ ਸੀ ਤਾਂ ਬੀਤੇ ਪੰਜ ਸਾਲਾਂ ਦੇ ਇਨ੍ਹਾਂ ਦੇ ਰਾਜ ਵਿੱਚ ਇਕ ਵੀ ਰਾਫੇਲ ਜਹਾਜ਼ ਭਾਰਤੀ ਬੇੜੇ 'ਚ ਸ਼ਾਮਲ ਕਿਉਂ ਨਾ ਕੀਤਾ ਗਿਆ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➡ Automatic & Manual Trucks
◦1:1 Training
➡ Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShirGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

## ਧਿਆਨ ਸਿੰਘ ਸੋਹਲ ਨੇ ਚਿਲੀ ਹਾਫ ਮੈਰਾਥਾਨ ਦੌਰਾਨ ਤੋੜੇ ਆਪਣੇ ਪੁਰਾਣੇ ਰਿਕਾਰਡ





ਧਿਆਨ ਸਿੰਘ ਸੋਹਲ ਨੇ ਪਿਛਲੇ ਸਾਲ ਇਹ ਮੈਰਾਥਾਨ 1 ਘੰਟਾ 46 ਮਿੰਟ ਵਿਚ ਪੂਰੀ ਕੀਤੀ ਸੀ ਤੇ ਇਸ ਵਾਰ ਉਨ੍ਹਾਂ ਨੇ ਇਹ ਮੈਰਾਥਾਨ 1 ਘੰਟਾ 44 ਮਿੰਟ ਵਿਚ ਪੂਰੀ ਕੀਤੀ। ਇਸ ਚਿਲੀ ਹਾਫ ਮੈਰਾਥਾਨ ਵਿਚ ਕਈ ਨਾਮਵਰ ਪੰਜਾਬੀ ਦੌੜਾਕਾਂ ਨੇ ਵੀ ਹਿੱਸਾ ਲਿਆ। ਜਿਨ੍ਹਾਂ ਵਿਚ ਧਿਆਨ ਸਿੰਘ ਸੋਹਲ ਦਾ ਤੇ ਏਅਰਪੋਰਟ ਰਨਰ ਕਲੱਬ ਦਾ ਨਾਮ ਵਿਸ਼ੇਸ਼ ਤੌਰ ਉਤੇ ਵਰਣਨਯੋਗ ਹੈ। ਕੱਲ੍ਹ ਬਰਲਿੰਗਟਨ ਵਿਖੇ ਚਿਲੀ ਹਾਫ ਮੈਰਾਥਾਨ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਚਾਰ ਹਜ਼ਾਰ ਦੇ ਕਰੀਬ ਲੋਕਾਂ ਨੇ ਭਾਗ ਲਿਆ ਤੇ ਸਥਾਨਕ ਹਸਪਤਾਲ ਲਈ ਢਾਈ ਲੱਖ ਡਾਲਰ ਇਕੱਠਾ ਕਰਨ ਦਾ ਪ੍ਰਣ ਲਿਆ।

# ਦਬਾਅ ਦਾ ਅਸਰ: ਪਾਕਿ ਅਜ਼ਹਰ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਦਾ ਵਿਰੋਧ ਨਹੀਂ ਕਰੇਗਾ



ਇਸਲਾਮਾਬਾਦ, 4 ਮਾਰਚ, (ਪੋਸਟ ਬਿਊਰੋ)- ਕੌਮਾਂਤਰੀ ਦਬਾਅ ਹੇਠ ਬੁਰੀ ਤਰ੍ਹਾਂ ਫਸਣ ਪਿੱਛੋਂ ਪਾਕਿਸਤਾਨ ਸਰਕਾਰ ਨੇ ਮਸੂਦ ਅਜ਼ਹਰ ਬਾਰੇ ਅਪਣੇ ਰੁਖ ਵਿੱਚ ਤਬਦੀਲੀ ਕਰਨ ਦੀ ਤਿਆਰੀ ਕਰ ਲਈ ਹੈ।

ਪਾਕਿਸਤਾਨੀ ਮੀਡੀਏ ਮੁਤਾਬਕ ਓਥੋਂ ਦੀ ਸਰਕਾਰ ਨੇ ਜੈਸ਼-ਏ-ਮੁਹੰਮਦ ਦੀਆਂ ਭਾਰਤ ਵਿਚ ਕੀਤੀਆਂ ਗਈਆਂ ਅਤਿਵਾਦੀ ਹਰਕਤਾਂ ਕਾਰਨ ਇਸ ਬੰਦੇ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਲਈ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਪੇਸ਼ ਹੋਏ ਮਤੇ ਦਾ ਵਿਰੋਧ ਨਾ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇੱਕ ਅੰਗਰੇਜ਼ੀ ਅਖ਼ਬਾਰ ਮੁਤਾਬਕ ਪਾਕਿਸਤਾਨ ਸਰਕਾਰ ਨੇ ਜੈਸ਼-ਏ-ਮੁਹੰਮਦ ਸਮੇਤ ਅਪਣੇ ਦੇਸ਼ ਵਿੱਚ ਮੌਜੂਦ ਸਾਰੇ ਅਤਿਵਾਦੀ ਸੰਗਠਨਾਂ ਦੇ ਵਿਰੁੱਧ ਕੁਝ ਸਖ਼ਤ ਕਦਮ ਚੁੱਕਣ ਦੀ ਤਿਆਰੀ ਵੀ ਕਰ ਲਈ ਹੈ। ਇਕ ਸੀਨੀਅਰ ਅਫਸਰ ਦੇ ਹਵਾਲੇ ਨਾਲ ਅਖ਼ਬਾਰ ਨੇ ਲਿਖਿਆ ਹੈ ਕਿ ਇਸ ਕਾਰਵਾਈ ਦੀ ਮਾਰ ਹੇਠ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਵੀ ਆਵੇਗਾ। ਅਧਿਕਾਰੀ ਦੇ ਮੁਤਾਬਕ ਸਰਕਾਰ ਨੇ ਤੈਅ ਕਰਨਾ ਹੈ ਕਿ ਦੇਸ਼ ਦੇ ਹਿਤ ਵੱਧ ਜ਼ਰੂਰੀ ਹਨ ਜਾਂ ਨਹੀਂ।

ਯੂ ਐੱਨ ਸਕਿਓਰਟੀ ਕੌਂਸਲ ਦੀ ਬੈਠਕ ਅਗਲੇ ਦਸ ਦਿਨਾਂ ਵਿੱਚ ਹੋਣ ਵਾਲੀ ਹੈ ਤੇ ਪਾਕਿਸਤਾਨ ਨੂੰ ਇਸ ਦੌਰਾਨ ਓਥੇ ਤਿੰਨ ਦੇਸ਼ਾਂ ਵੱਲੋਂ ਪੇਸ਼ ਮਤੇ ਬਾਰੇ ਸੋਚਣਾ ਪੈਣਾ ਹੈ। ਵੀਟੋ ਪਾਵਰ ਵਾਲੇ ਤਿੰਨ ਦੇਸ਼ਾਂ ਅਮਰੀਕਾ, ਫਰਾਂਸ ਅਤੇ ਬ੍ਰਿਟੇਨ ਵਲੋਂ ਨਵਾਂ ਮਤਾ ਪੇਸ਼ ਕੀਤਾ ਹੋਣ ਕਰ ਕੇ ਪਾਕਿਸਤਾਨ ਨੂੰ ਇਸ ਬਾਰੇ ਅਪਣਾ ਪੱਖ ਦੱਸਣਾ ਪਵੇਗਾ। ਮਸੂਦ ਅਜ਼ਹਰ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਲਈ ਯੂ ਐਨ ਵਿਚ ਇਹ ਚੌਥਾ ਮਤਾ ਆਇਆ ਹੈ। ਭਾਰਤ ਪਿਛਲੇ ਦਸ ਸਾਲਾਂ ਤੋਂ ਜੈਸ਼-ਏ-ਮੁਹੰਮਦ ਜਥੇਬੰਦੀ ਅਤੇ ਇਸ ਦੇ ਮੁਖੀ ਮਸੂਦ ਅਜ਼ਹਰ ਉੱਤੇ ਪਾਬੰਦੀ ਲਾਏ ਜਾਣ ਦੀ ਮੰਗ ਕਰ ਰਿਹਾ ਹੈ।

ਇਸ ਦੌਰਾਨ ਪਾਕਿਸਤਾਨ ਸਰਕਾਰ ਪਾਬੰਦੀ ਸ਼ੁਦਾ ਅਤਿਵਾਦੀ ਸੰਗਠਨਾਂ ਵਿਰੁਧ ਨਿਰਣਾਇਕ ਫ਼ੈਸਲੇ ਦੀ ਤਿਆਰੀ ਵੀ ਕਰਦੀ ਸੁਣੀ ਗਈ ਹੈ। ਪਾਕਿਸਤਾਨੀ ਮੀਡੀਆ ਨੇ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਜੈਸ਼-ਏ-ਮੁਹੰਮਦ ਦੇ ਨਾਲ ਦੂਜੇ ਪਾਬੰਦੀ ਸ਼ੁਦਾ ਸੰਗਠਨਾਂ ਵਿਰੁੱਧ ਵੀ ਸਰਕਾਰ ਵੱਡਾ ਫ਼ੈਸਲਾ ਲੈਣ ਵਾਲੀ ਹੈ। ਪਿਛਲੇ ਦਿਨੀਂ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਇਸ ਦੇ ਸੰਕੇਤ ਦਿਤੇ ਸਨ, ਪਰ ਉਨ੍ਹਾਂ ਕਿਹਾ ਸੀ ਕਿ ਇਸ ਦਾ ਅੰਤਮ ਕਦਮ ਸੁਰੱਖਿਆ ਫੋਰਸਾਂ ਵੱਲੋਂ ਤੈਅ ਕੀਤਾ ਜਾਵੇਗਾ ਕਿ ਉਨ੍ਹਾਂ ਨੂੰ ਕਦੋਂ ਤੇ ਕਿਵੇਂ ਖ਼ਤਮ ਕਰਨਾ ਹੈ। ਇਕ ਸੀਨੀਅਰ ਸੁਰੱਖਿਆ ਅਧਿਕਾਰੀ ਦੇ ਹਵਾਲੇ ਨਾਲ ਅਖ਼ਬਾਰ ਨੇ ਕਿਹਾ ਕਿ ਅਜੇ ਸਾਫ ਨਹੀਂ ਹੋਇਆ ਕਿ ਕਿੱਦਾਂ ਦੇ ਐਕਸ਼ਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਸਰਕਾਰ ਨੂੰ ਤੈਅ ਕਰਨਾ ਪੈਣਾ ਹੈ ਕਿ ਕੋਈ ਸ਼ਖ਼ਸ ਵੱਧ ਅਹਿਮ ਹੈ ਜਾਂ ਦੇਸ਼।

# ਬਾਲਾਕੋਟ ਬਾਰੇ ਨਵਾਂ ਖ਼ੁਲਾਸਾ: ਹਮਲੇ ਸਮੇਂ ਜੈਸ਼ ਦੇ ਅੱਡੇ ’ਤੇ 300 ਮੋਬਾਈਲ ਐਕਟਿਵ ਸਨ

### * ਐੱਨ ਟੀ ਆਰ ਓ ਦੀ ਟੈਕਨੀਕਲ ਰਿਪੋਰਟ ਤੋਂ ਭੇਦ ਖੁੱਲ੍ਹਾ




ਨਵੀਂ ਦਿੱਲੀ, 4 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਬਾਲਾਕੋਟ ਵਿੱਚ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਅੱਡੇ ਉੱਤੇ ਭਾਰਤੀ ਹਵਾਈ ਫੌਜ ਦੇ ਹਮਲੇ ਬਾਰੇ ਐੱਨ ਟੀ ਆਰ ਓ (ਨੈਸ਼ਨਲ ਟੈਕਨੀਕਲ ਰਿਸਰਚ ਆਰਗੇਨਾਈਜ਼ੇਸ਼ਨ) ਵੱਲੋਂ ਇੱਕ ਭੇਦ ਖੋਲ੍ਹਣ ਵਾਲਾ ਵੱਡਾ ਬਿਆਨ ਸਾਹਮਣੇ ਆਇਆ ਹੈ।

ਐੱਨ ਟੀ ਆਰ ਓ ਨੇ ਦਾਅਵਾ ਕੀਤਾ ਹੈ ਕਿ ਸਰਵਿਲਾਂਸ ਸਿਸਟਮ ਅਨੁਸਾਰ ਭਾਰਤੀ ਹਵਾਈ ਫ਼ੌਜ ਨੇ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਜਿਹੜੇ ਕੈਂਪ ਉੱਤੇ ਏਅਰ ਸਟ੍ਰਾਈਕ ਕੀਤੀ ਸੀ, ਓਥੇ ਕਰੀਬ 300 ਮੋਬਾਈਲ ਐਕਟਿਵ ਸਨ। ਇਸ ਬਿਆਨ ਵਿੱਚ ਐੱਨ ਟੀ ਆਰ ਓ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਭਾਰਤ ਵੱਲੋਂ 26 ਫਰਵਰੀ 2019 ਨੂੰ ਬਾਲਾਕੋਟ ਵਿੱਚ ਹੋਈ ਏਅਰ ਸਟ੍ਰਾਈਕ ਤੋਂ ਪਹਿਲਾਂ ਜੈਸ਼-ਏ-ਮੁਹੰਮਦ ਦੇ ਇਸ ਕੈਂਪ ਵਿੱਚ 300 ਮੋਬਾਈਲ ਐਕਟਿਵ ਸਨ। ਭਾਰਤੀ ਹਮਲੇ ਵਿੱਚ 300 ਅੱਤਵਾਦੀਆਂ ਦੇ ਮਰਨ ਦੀ ਗੱਲ ਕਹੀ ਜਾਣ ਪਿੱਛੋਂ ਖ਼ਬਰ ਏਜੰਸੀ ਏ ਐੱਨ ਆਈ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਚਾਰ ਮਾਰਚ ਨੂੰ ਐੱਨ ਟੀ ਆਰ ਓ ਨੇ ਇਹ ਰਿਪੋਰਟ ਜਾਰੀ ਕੀਤੀ ਸੀ।

ਵਰਨਣ ਯੋਗ ਹੈ ਕਿ 26 ਫਰਵਰੀ ਨੂੰ ਭਾਰਤੀ ਏਅਰ ਫੋਰਸ ਦੇ 12 ਮਿਰਾਜ ਜਹਾਜ਼ਾਂ ਨੇ ਪਾਕਿਸਤਾਨ ਦੀ ਏਅਰ ਸਪੇਸ ਵਿੱਚ ਦਾਖਲ ਹੋ ਕੇ ਬਾਲਾਕੋਟ ਵਿਚਲੇ ਜੈਸ਼-ਏ-ਮੁਹੰਮਦ ਦੇ ਕੈਂਪ ਉੱਤੇ ਇਕ ਹਜ਼ਾਰ ਕਿੱਲੋ ਵਾਲੇ ਬੰਬ ਸੁੱਟੇ ਸਨ। ਭਾਰਤ ਸਰਕਾਰ ਨੇ ਇਸ ਹਮਲੇ ਵਿੱਚ ਮਾਰੇ ਗਏ ਅੱਤਵਾਦੀਆਂ ਦੀ ਕੋਈ ਸਰਕਾਰੀ ਗਿਣਤੀ ਨਹੀਂ ਦੱਸੀ। ਏ ਐੱਨ ਆਈ ਦੇ ਸੂਤਰਾਂ ਮੁਤਾਬਕ ਤਕਨੀਕੀ ਨਿਗਰਾਨੀ ਤੋਂ ਪਤਾ ਲੱਗਾ ਹੈ ਕਿ ਸਟ੍ਰਾਈਕ ਤੋਂ ਪਹਿਲਾਂ ਓਥੇ 300 ਮੋਬਾਈਲ ਐਕਟਿਵ ਸਨ, ਜਿੱਥੇ ਭਾਰਤੀ ਹਵਾਈ ਫ਼ੌਜ ਨੇ ਹਮਲਾ ਕੀਤਾ ਸੀ।

# ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਪੜਤਾਲ ਕਮੇਟੀ ਨੂੰ ਜਵਾਬੀ ਦੋਸ਼ਾਂ ਨਾਲ ਪੈਰੋਂ ਕੱਢਿਆ

### * ਸੱਚੇ ਸੌਦੇ ਦਾ ਮੁਆਫੀਨਾਮਾ ਅਕਾਲ ਤਖਤ ਵਿਖੇ ਐਡਿਟ ਕਰਨ ਦਾ ਦੋਸ਼ * ਪਹਿਲਾਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਨੂੰ ਤਲਬ ਕਰਨ ਨੂੰ ਕਿਹਾ



ਅੰਮ੍ਰਿਤਸਰ, 4 ਮਾਰਚ, (ਪੋਸਟ ਬਿਊਰੋ)- ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਵਿਰੁੱਧ ਅਕਾਲ ਤਖਤ ਸਾਹਿਬ ਵਿਖੇ ਸ਼ਿਕਾਇਤਾਂ ਪੁੱਜਣ ਤੋਂ ਬਾਅਦ ਇਸ ਦੀ ਜਾਂਚ ਲਈ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਸੱਤ ਮੈਂਬਰੀ ਕਮੇਟੀ ਨੂੰ ਪੜਤਾਲ ਦੀ ਜ਼ਿੰਮੇਵਾਰੀ ਸੌਂਪੀ ਸੀ। ਇਹ ਕਮੇਟੀ ਜਾਂਚ ਕਰਨ ਗਈ ਤਾਂ ਮੋੜਵੇਂ ਸਵਾਲਾਂ ਨਾਲ ਗਿਆਨੀ ਇਕਬਾਲ ਸਿੰਘ ਨੇ ਕਮੇਟੀ ਵਾਲਿਆਂ ਦੇ ਪੈਰ ਉਖਾੜ ਦਿੱਤੇ।

ਅਸਲ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗਿਆਨੀ ਇਕਬਾਲ ਸਿੰਘ ਬਾਰੇ ਮਿਲੀਆਂ ਸ਼ਿਕਾਇਤਾਂ ਦੀ ਜਾਂਚ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਰਜਿੰਦਰ ਸਿੰਘ ਮਹਿਤਾ ਅਤੇ ਭਗਵੰਤ ਸਿੰਘ ਸਿਆਲਕਾ ਸਮੇਤ ਇੱਕ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚਲੇ ਇਨ੍ਹਾਂ ਦੋਵਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪਟਨਾ ਸਾਹਿਬ ਜਾ ਕੇ ਗਿਆਨੀ ਇਕਬਾਲ ਸਿੰਘ ਦਾ ਪੱਖ ਜਾਨਣਾ ਚਾਹਿਆ ਸੀ, ਪਰ ਓਥੇ ਪਹੁੰਚੇ ਇਨ੍ਹਾਂ ਮੈਂਬਰਾਂ ਨੂੰ ਗਿਆਨੀ ਇਕਬਾਲ ਸਿੰਘ ਨੇ ਖਰੀਆਂ-ਖਰੀਆਂ ਸੁਣਾਈਆਂ ਤੇ ਉਲਟਾ ਉਨ੍ਹਾਂ ਨੂੰ ਇਹੋ ਜਿਹੇ ਸਵਾਲ ਕਰ ਦਿੱਤੇ, ਜਿਨ੍ਹਾਂ ਦਾ ਜਵਾਬ ਦੇਣਾ ਔਖਾ ਸੀ। ਗਿਆਨੀ ਇਕਬਾਲ ਸਿੰਘ ਨੇ ਆਖਿਆ ਕਿ ਮੇਰੇ ਖਿਲਾਫ ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਤਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਜਾਂਚ ਕਮੇਟੀ ਬਣਾ ਦਿੱਤੀ, ਪਰ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦੇਣ ਵਾਲੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਨੂੰ ਹਾਲੇ ਵੀ ਦੋਸ਼ੀ ਨਹੀਂ ਐਲਾਨਿਆ, ਜਦ ਕਿ ਲੱਖਾਂ ਸੰਗਤਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖ਼ਤ ਦੇ ਸਾਬਕਾ ਜਥੇਦਾਰਾਂ ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਸਬੰਧ ਵਿਚ ਸੰਮਨ ਕਿਉਂ ਨਹੀਂ ਕਰਦਾ। ਇਸ ਮੌਕੇ ਗਿਆਨੀ ਇਕਬਾਲ ਸਿੰਘ ਨੇ ਡੇਰਾ ਸੱਚਾ ਸੌਦਾ ਮਾਮਲੇ ਵਿਚ ਨਵਾਂ ਖੁਲਾਸਾ ਕਰਦੇ ਹੋਏ ਕਿਹਾ ਕਿ 24 ਸਤੰਬਰ 2015 ਨੂੰ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਜਿਹੜੀ ਮੁਆਫ਼ੀ ਦਿੱਤੀ ਗਈ, ਉਸ ਸਪੱਸ਼ਟੀਕਰਨ ਵਾਲੀ ਚਿੱਠੀ ਨੂੰ ਅਕਾਲ ਤਖ਼ਤ ਵਿਖੇ ਐਡਿਟ ਕਰ ਕੇ ਸੋਧਿਆ ਗਿਆ ਸੀ। ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਦਾਅਵਾ ਕੀਤਾ ਕਿ ਡੇਰਾ ਸਿਰਸਾ ਦੇ ਮੁਖੀ ਦਾ ਜਿਹੜਾ ਪੱਤਰ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਾ ਸੀ, ਉਸ ਵਿਚ ‘ਖਿਮਾ ਦਾ ਜਾਚਕ’ ਸ਼ਬਦ ਮੌਜੂਦ ਨਹੀਂ ਸੀ, ਉਸ ਪੂਰੇ ਪੱਤਰ ਵਿਚ ਡੇਰਾ ਮੁਖੀ ਨੇ ਕਿਤੇ ਨਹੀਂ ਲਿਖਿਆ ਕਿ ਉਹ ‘ਖਿਮਾ ਦਾ ਜਾਚਕ’ ਹੈ, ਇਹ ਸ਼ਬਦ ਚਿੱਠੀ ਦੇ ਅੰਤ ਵਿਚ ਗੁਰਮੀਤ ਰਾਮ ਰਹੀਮ ਵੱਲੋਂ ਕੀਤੇ ਦਸਤਖ਼ਤਾਂ ਦੇ ਉੱਪਰ ਲਿਖ ਦਿੱਤਾ ਗਿਆ। ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਇਹ ਸ਼ਬਦ ਸ੍ਰੀ ਅਕਾਲ ਤਖ਼ਤ ਦੇ ਕੰਪਿਊਟਰ ਉਤੇ ਪੱਤਰ ਵਿੱਚ ਸੋਧ ਕਰਕੇ ਪਾਇਆ ਗਿਆ, ਪਹਿਲਾਂ ਇਹ ਚਿੱਠੀ ਵਿਚ ਨਹੀਂ ਸੀ। ਜਾਂਚ ਕਮੇਟੀ ਦੇ ਇਨ੍ਹਾਂ ਮੈਂਬਰਾਂ ਦੀ ਬੋਲਤੀ ਬੰਦ ਕਰ ਕੇ ਗਿਆਨੀ ਇਕਬਾਲ ਸਿੰਘ ਅਤੇ ਉਸ ਦੇ ਸਮੱਰਥਕਾਂ ਨੇ ਵਾਪਸ ਤੋਰ ਦਿੱਤਾ ਹੈ, ਜਿਸ ਦੀ 24 ਮਿੰਟ ਦੀ ਵੀਡੀਓ ਅੱਜ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ।

## ਅਮਰਿੰਦਰ ਸਿੰਘ ਨੇ ਕਿਹਾ: ਪਾਕਿਸਤਾਨ ਤਾਂ ਐਟਮੀ ਹਥਿਆਰਾਂ ਦੀ ਵਰਤੋਂ ਵੀ ਕਰ ਸਕਦੈ



ਅੰਮ੍ਰਿਤਸਰ, 4 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਕੋਈ ਵੀ ਦੇਸ਼ ਲੜਾਈ ਦੇ ਪੱਖ ਵਿੱਚ ਨਹੀਂ, ਪਰ ਜੇ ਪਾਕਿਸਤਾਨ ਨੂੰ ਇਹ ਲੱਗਦਾ ਹੈ ਕਿ ਉਹ ਭਾਰਤ ਤੋਂ ਜੰਗ ਹਾਰ ਰਿਹਾ ਹੈ ਤਾਂ ਉਹ ਐਟਮੀ ਹਥਿਆਰਾਂ ਦੀ ਵਰਤੋਂ ਵੀ ਕਰ ਸਕਦਾ ਹੈ।

ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਹਵਾਈ ਫੌਜ ਨੇ ਹਮਲੇ ਕਰ ਕੇ ਅੱਤਵਾਦ ਦੀ ਸਮੱਸਿਆ ਨਾਲ ਨਜਿੱਠਣ ਲਈ ਦੇਸ਼ ਦਾ ਦ੍ਰਿੜ ਇਰਾਦਾ ਪੇਸ਼ ਕਰ ਦਿੱਤਾ ਹੈ। ਇਸ ਮੌਕੇ ਮੁੱਖ ਮੰਤਰੀ ਨੇ ਇਸ ਹਮਲੇ ਵਿੱਚ ਮਰੇ ਅੱਤਵਾਦੀਆਂ ਦੀ ਗਿਣਤੀ ਬਾਰੇ ਕੋਈ ਪ੍ਰਤੀਕਿਰਿਆ ਦੇਣ ਤੋਂ ਨਾਂਹ ਕਰ ਕੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਇੱਕ ਮਰੇ ਜਾਂ ਸੌ, ਭਾਰਤ ਸਿਰਫ ਜਵਾਬੀ ਕਾਰਵਾਈ ਦਾ ਵਿਸ਼ਵਾਸ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਆਰਥਿਕ ਸਥਿਤੀ ਇਸ ਵੇਲੇ ਬੜੀ ਮਾੜੀ ਹੈ। ਉਹ ਭਾਰਤ ਨਾਲ ਜੰਗ ਲੜਨ ਦੀ ਹਾਲਤ ਵਿੱਚ ਨਹੀਂ ਹੈ, ਪਰ ਦੋਵੇਂ ਦੇਸ਼ ਐਟਮੀ ਤਾਕਤਾਂ ਹਨ, ਇਹ ਖਿਆਲ ਰੱਖਣਾ ਚਾਹੀਦਾ ਹੈ।

## ‘ਟਿਕਟਾੱਕ’ ਉੱਤੇ ਅਮਰੀਕਾ ’ਚ 57 ਲੱਖ ਡਾਲਰ ਦਾ ਜੁਰਮਾਨਾ ਲੱਗਾ

ਹਾਂਗਕਾਂਗ, 4 ਮਾਰਚ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਲੋਕਪ੍ਰਿਆ ਚੀਨ ਦੇ ਵੀਡੀਓ ਸ਼ੇਅਰਿੰਗ ਐਪ ਟਿਕਟਾੱਕ 'ਤੇ ਅਮਰੀਕਾ ਵਿੱਚ 57 ਲੱਖ ਡਾਲਰ ਰਿਕਾਰਡ ਜੁਰਮਾਨਾ ਲੱਗਾ ਹੈ। ਕੰਪਨੀ ਇਸ ਮਾਮਲੇ ਨੂੰ ਨਿਪਟਾਉਣ ਲਈ ਇਸ ਤਰ੍ਹਾਂ ਦੀ ਰਕਮ ਦੇਣ ਦੇ ਲਈ ਸਹਿਮਤ ਹੋ ਗਈ ਹੈ। ਅਮਰੀਕੀ ਫੈਡਰਲ ਟ੍ਰੇਡ ਕਮਿਸ਼ਨ (ਐਫ ਟੀ ਸੀ) ਨਾਲ ਹੋਏ ਸਮਝੌਤੇ ਹੇਠ ਕੰਪਨੀ ਨੂੰ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸਾਰੇ ਵੀਡੀਓ ਡਿਲੀਟ ਕਰਨੇ ਹੋਣਗੇ। ਐਫ ਟੀ ਸੀ ਨੇ ਬੀਤੇ ਦਿਨੀਂ ਦੱਸਿਆ ਸੀ ਕਿ ਐਪ ਨੇ ਗੈਰਕਾਨੂੰਨੀ ਤਰੀਕੇ ਨਾਲ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਜੁੜਿਆ ਡਾਟਾ ਇਕੱਠਾ ਕੀਤਾ ਹੈ ਅਤੇ ਕਮਿਸ਼ਨ ਦੇ ਅਨੁਸਾਰ ਚਾਈਲਡ ਪ੍ਰਾਈਵੇਸੀ ਦੇ ਕੇਸ ਵਿੱਚ ਇਸ ਤਰ੍ਹਾਂ ਦਾ ਰਿਕਾਰਡ ਜੁਰਮਾਨਾ ਲਾਇਆ ਗਿਆ ਹੈ।









# ਪਹਿਲੀ ਮਹਿਲਾ ਸਰਕਲ ਸਟਾਈਲ ਕਬੱਡੀ ਲੀਗ ’ਤੇ ਪੰਜਾਬ ਦਾ ਕਬਜਾ

## ਸੁੱਖੀ, ਕਰਮੀ ਆਲ ਓਵਰ ਬੈਸਟ ਰੇਡਰ-ਜਾਫੀ ਤੇ ਸੁਮਿੱਤ ਤੇ ਤੂਲਸਾ ਫਾਈਨਲ ਦੀ ਬੈਸਟ ਖਿਡਾਰੀ







ਦਿੜ੍ਹਬਾ ਮੰਡੀ, 4 ਮਾਰਚ (ਸਤਪਾਲ ਖਡਿਆਲ): ਵਿਸ਼ਵ ਕਬੱਡੀ ਸੰਘ ਤੇ ਭਾਰਤੀ ਕਬੱਡੀ ਸੰਘ ਵਲੋਂ ਚੌਧਰੀ ਮਹਿੰਦਰ ਸਿੰਘ ਮਲਿਕ ਸਾਬਕਾ ਡੀਜੀਪੀ ਹਰਿਆਣਾ,ਪ੍ਰਧਾਨ ਪ੍ਰਵੀਨ ਯਾਦਵ,ਸਕੱਤਰ ਰੁਹਤਾਸ ਨਾਂਦਲ, ਡਾਇਕੈਟਰ ਹਰਬੀਰ ਕੌਰ ਭਿੰਡਰ,ਕੋਆਡੀਨੇਟਰ ਡਾ. ਸੁਖਦਰਸ਼ਨ ਸਿੰਘ ਚਹਿਲ ਦੀ ਅਗਵਾਈ ਵਿੱਚ ਨਿਡਾਨੀ ( ਜੀਂਦ ) ਵਿਖੇ ਛੇ ਰੋਜਾ ਪਹਿਲੀ ਮਹਿਲਾ ਸਰਕਲ ਸਟਾਈਲ ਕਬੱਡੀ ਲੀਗ ਤੇ ਜੀ ਕੇ ਕੁਵੀਨ ਪੰਜਾਬ ਟੀਮ ਨੇ ਕਬਜਾ ਕੀਤਾ । ਪੰਜਾਬ ਨੇ ਫਾਈਨਲ ਵਿੱਚ ਹਰਿਆਣਾ ਕੀ ਸ਼ੇਰਨੀ ਟੀਮ ਨੂੰ ਸਖਤ ਮੁਕਾਬਲੇ ਵਿੱਚ ਹਰਾ ਕੇ ਪਹਿਲੀ ਮਹਿਲਾ ਕਬੱਡੀ ਲੀਗ ਨੂੰ ਜਿੱਤਣ ਦਾ ਮਾਣ ਪ੍ਰਾਪਤ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦਿਆ ਅੰਤਰਰਾਸ਼ਟਰੀ ਕਬੱਡੀ ਕੋਚ ਗੁਰਮੇਲ ਸਿੰਘ ਦਿੜ੍ਹਬਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਛੇ ਟੀਮਾ ਨੇ ਭਾਗ ਲਿਆ । ਲੀਗ ਮੈਚਾ ਤੋਂ ਬਾਅਦ ਸੈਮੀਫਾਈਨਲ ਵਿੱਚ ਜੀ ਕੇ ਪੰਜਾਬ ਨੇ ਪਦਮਸ੍ਰੀ ਚੇਨਈ ਨੂੰ 29 ਦੇ ਮੁਕਾਬਲੇ 32 ਅੰਕਾ ਨਾਲ ਹਰਾਇਆ ।ਜਦਕਿ ਦੂਜੇ ਸੈਮੀਫਾਈਨਲ ਵਿੱਚ ਹਰਿਆਣਾ ਕੀ ਸ਼ੇਰਨੀ ਨੇ ਮਹਾਸ਼੍ਰੀ ਕੁਵੀਨ ਯੂਪੀ ਨੂੰ ਇੱਕਪਾਸੜ ਮੁਕਾਬਲੇ ਚ 15 ਦੇ ਮੁਕਾਬਲੇ 32 ਅੰਕ ਲੈ ਕੇ ਚਿੱਤ ਕੀਤਾ । ਫਾਈਨਲ ਵਿੱਚ ਜੀ ਕੇ ਕੁਵੀਨ ਪੰਜਾਬ ਨੇ 28 ਦੇ ਮੁਕਾਬਲੇ 32 ਅੰਕ ਲੈ ਹਰਿਆਣਾ ਕੀ ਸ਼ੇਰਨੀ ਨੂੰ ਚਿੱਤ ਕੀਤਾ । ਲੀਗ ਮੈਚਾ ਤੇ ਅਧਾਰਿਤ ਇਸ ਪੂਰੇ ਟੂਰਨਾਮੈਂਟ ਦੀ ਬੈਸਟ ਰੇਡਰ ਕਰਮੀ ਚਹਿਲ ਤੇ ਜਾਫੀ ਸੁਖਦੀਪ ਕੌਰ ਸੁੱਖੀ ਨੂੰ ਐਲਾਨਿਆ ਗਿਆ । ਫਾਈਨਲ ਮੈਚ ਦੀ ਬੈਸਟ ਰੇਡਰ ਸੁਮਿੱਤ ਪੂਨੀਆ ਮਤਲੋਡਾ ਤੇ ਜਾਫੀ ਅੰਜੂ ਰਾਣੀ ਤੂਲਸਾ ਨੂੰ ਚੁਣਿਆ ਗਿਆ।ਜਿੰਨਾ ਨੂੰ ਪ੍ਰਬੰਧਕਾ ਨੇ ਨਗਦ ਰਾਸ਼ੀ ਨਾਲ ਸਨਮਾਨਿੱਤ ਕੀਤਾ ਗਿਆ । ਟੂਰਨਾਮੈਂਟ ਦੀ ਕੁਮੈਂਟਰੀ ਪ੍ਰਸਿੱਧ ਕੁਮੈਂਟੇਟਰ ਸਤਪਾਲ ਮਾਹੀ, ਪ੍ਰੋ ਅਮਨ, ਸਤਪਾਲ ਜੀਂਦ, ਤਿਲਕਰਾਜ, ਅਜੈ ਨੇ ਕੀਤੀ । ਜਦਕਿ ਟੂਰਨਾਮੈਂਟ ਦਾ ਸੰਚਾਲਨ ਬਤੌਰ ਅੰਪਾਇਰ ਨਾਇਬ ਸਿੰਘ ਡੈਨੀ, ਪ੍ਰੋ ਜਸਵੀਰ ਸਿੰਘ ਕਪਿਆਲ, ਦਿਲਾਵਰ ਸਿੰਘ, ਜਗਤਾਰ ਸਿੰਘ ਮਹਿਣਾ, ਸੁਰਿੰਦਰ ਸਿੰਘ ਮੱਲ੍ਹੀ, ਰਿਕਾਰਡ ਕੀਪਰ ਦਲਜੀਤ ਸਿੰਘ ਗੁਰਾਇਆ, ਨਵਦੀਪ ਕੌਰ ਤੇ ਸਟੇਜ ਸੰਚਾਲਨ ਕਪਤਾਨ ਸਿੰਘ ਖੋਖਰ ਨੇ ਕੀਤਾ । ਇਸ ਮੌਕੇ ਹਰਿਆਣਾ ਦੀ ਪ੍ਰਸਿੱਧ ਗਾਇਕਾ ਪ੍ਰਤੀ ਚੌਧਰੀ ਨੇ ਸਭਿਆਕ ਗੀਤਾਂ ਨਾਲ ਦਰਸ਼ਕਾ ਦਾ ਮਨੋਰੰਜਨ ਕੀਤਾ। ਇਸ ਟੂਰਨਾਮੈਂਟ ਦੌਰਾਨ ਮੀਨੂੰ ਰਾਣੀ, ਰਾਮਬਤੇਰੀ, ਹਰਪ੍ਰੀਤ ਹੈਂਪੀ, ਰੀਤੂ ਸੋਥਾ, ਰੀਤੂ ਨਾੜਾ, ਰੀਨੂੰ ਉਰਫ ਧੋਲੀ, ਰਾਜੂ, ਵੀਰਪਾਲ ਕੌਰ, ਮੋਨਿਕਾ, ਸੋਨੀਆ ਸਮੈਣ, ਸੀਮਾ, ਬਲਜੀਤ ਕੌਰ, ਹਰਪ੍ਰੀਤ ਕੌਰ, ਮਨੀਸਾ, ਮਨਜੀਤ ਮੋਰ, ਸੁਸਮਿਤਾ, ਕਿਰਨਜੀਤ ਕੌਰ ਨੇ ਸ਼ਾਨਦਾਰ ਖੇਡ ਦਿਖਾਈ ।ਜੀ ਕੇ ਕੁਵੀਨ ਪੰਜਾਬ ਟੀਮ ਦੀ ਜਿੱਤ ਤੇ ਖੇਡ ਪ੍ਰਮੋਟਰ ਕਰਨ ਘੁਮਾਣ , ਚਮਕੌਰ ਘੁਮਾਣ ਯੂ ਕੇ, ਬਲਕਾਰ ਘੁਮਾਣ ਐਮ ਸੀ ਦਿੜ੍ਹਬਾ, ਗੁਰਦੇਵ ਸਿੰਘ ਮੌੜ, ਰਾਮ ਸਿੰਘ ਮਾਨ, ਸੁਖਵਿੰਦਰ ਸਿੰਘ ਭਿੰਦਾ, ਕਸਮੀਰ ਸਿੰਘ ਰੋੜੇਵਾਲ, ਜਸਪਾਲ ਸਿੰਘ ਪਾਲਾ ਨੇ ਵਧਾਈ ਦਿੱਤੀ।

## ਸ਼ੋਕ ਸਮਾਚਾਰ — ਸ: ਪ੍ਰੀਤਮ ਸਿੰਘ ਸਿੱਧੂ ਸਵਰਗਵਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ: ਪ੍ਰੀਤਮ ਸਿੰਘ ਸਿੱਧੂ, ਪੁਲੀ ਉਚੀ ਤਹਿਸੀਲ ਤੇ ਜ਼ਿਲ੍ਹਾ ਨਵਾਂਸਲਹਿਰ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਜਿਨ੍ਹਾਂ ਦਾ ਅੰਤਮ ਸੰਸਕਾਰ 8 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਤੋ ਦੁਪਹਿਰ 1 ਵਜੇ ਤੱਕ 30 Bramwin Court, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ ਅਤੇ ਅੰਤਮ ਅਰਦਾਸ ਗੁਰਦੁਆਰਾ ਓਟਾਰੀਓ ਖਾਲਸਾ ਦਰਬਾਰ ਵੈਸਟ ਹਾਲ ਵਿਖੇ ਸ਼ੁੱਕਰਵਾਰ ਦੁਪਹਿਰ 2 ਵਜੇ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਸਵ: ਪ੍ਰੀਤਮ ਸਿੰਘ ਦੇ ਪੁੱਤਰ ਕੁਲਵੀਰ ਸਿੰਘ ਸਿੱਧੂ ਨਾਲ 416-844-6759 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

Jobs Jobs Jobs

Window Assemblers & Line workers
Machine Operators Needed

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- Basic Knowledge of English Needed
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
- Manufacturing Experience Must

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover





PUNJAB SINDH FINANCE

TRUCK/TRAILER
LOAN & REFINANCE

PUNJABSINDH FINANCE
PSF
EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



# ਸੰਪਾਦਕੀ

## ਬੀਬੀਆਂ ਵੱਲੋਂ ਚੌਰਾਹੇ ਖੜ੍ਹਾ ਕੀਤਾ ਪ੍ਰਧਾਨ ਮੰਤਰੀ ਅਤੇ ਉਸਦੀ ਬੇਬਸੀ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇੱਕ ਹੋਰ ਸੀਨੀਅਰ ਔਰਤ ਮੰਤਰੀ ਜੇਨ ਫਿਲਪੌਟ ਨੇ ਕੱਲ ਐਨ ਐਨ ਸੀ ਲਾਵਾਲਿਨ ਦੇ ਸਕੈਂਡਲ ਦੀ ਪਿੱਠਭੂਮੀ ਨੂੰ ਸਾਹਮਣੇ ਰੱਖ ਕੇ ਅਸਤੀਫਾ ਦੇ ਦਿੱਤਾ ਹੈ। ਕਿੱਤੇ ਵਜੋਂ ਡਾਕਟਰ ਅਤੇ ਟਰਜ਼ਰੀ ਬੋਰਡ ਭਾਵ ਖਜਾਨਾ ਮੰਤਰੀ ਜੇਨ ਫਿਲਪੌਟ ਦਾ ਅਸਤੀਫਾ ਸਮੁੱਚੀ ਲਿਬਰਲ ਪਾਰਟੀ ਪਰ ਪ੍ਰਧਾਨ ਮੰਤਰੀ ਟਰੂਡੋ ਦੇ ਗਲੇ ਦੀ ਖਾਸ ਕਰਕੇ ਹੱਡੀ ਬਣੇਗਾ, ਇਸ ਗੱਲ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਟਰੂਡੋ ਹੋਰਾਂ ਨੇ ਆਪਣਾ ਪ੍ਰਗਤੀਵਾਦੀ, ਅਗਾਂਹਵਧੂ ਅਤੇ ਸੁੱਚਜੀਆਂ ਕਦਰਾਂ ਕੀਮਤਾਂ ਵਾਲਾ'ਆਗੂ ਹੋਣ ਦਾ ਅਕਸ ਬਹੁਤ ਮੁਸ਼ਕਲ ਪਰ ਫੋਕੀਆਂ ਗੱਲਾਂ ਕਰਕੇ ਬਣਾਇਆ ਸੀ, ਉਸਦਾ ਸਾਰਾ ਮੁੱਲ੍ਹਮਾ ਉੱਤਰ ਚੁੱਕਾ ਜਾਪਸਦਾ ਹੈ। ਅੱਜ ਤੱਕ ਟਰੂਡੋ ਹੋਰਾਂ ਦਾ ਸੱਭ ਤੋਂ ਵੱਡਾ ਕਾਰਡ ਸੀ 'ਔਰਤਾਂ ਨੂੰ ਬਰਾਬਰ ਦਾ ਸਥਾਨ'ਦੇਣ ਦੀਆਂ ਡੀਗਾਂ ਮਾਰਨੀਆਂ। ਸਮੇਂ ਦੀ ਮਾਰ ਵੇਖੋ ਕਿ ਅੱਜ ਔਰਤ ਸ਼ਕਤੀ ਨੇ ਹੀ ਉਸਨੂੰ ਇਖਲਾਕੀ ਪੁਣਛਾਣ ਦੇ ਚੌਰਾਹੇ ਵਿੱਚ ਲਿਆ ਖੜਾ ਕੀਤਾ ਹੈ।

ਇਸ ਇਖਲਾਕੀ ਪੁੱਣਛਾਣ ਦੇ ਕਿੱਸੇ ਵਿੱਚ ਪਹਿਲਾ ਨੰਬਰ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੂਲਡ ਦਾ ਹੈ ਜਿਸਨੇ, ਉਸਦੇ ਆਪਣੇ ਸ਼ਬਦਾਂ ਵਿੱਚ, ਪ੍ਰਧਾਨ ਮੰਤਰੀ ਦੀਆਂ 'ਅੱਖਾਂ ਵਿੱਚ ਅੱਖਾਂ'ਪਾ ਕੇ ਚੇਤਾਵਨੀ ਦਿੱਤੀ ਸੀ ਕਿ ਸਿਆਸਤੀ ਲਾਭ ਵਾਸਤੇ ਉਹ ਆਪਣੇ ਇਖਲਾਕ ਨੂੰ ਨਹੀਂ ਛੱਡੇਗੀ। ਜੋਡੀ ਵਿਲਸਨ ਦੇ ਪਾਰਲੀਮੈਂਟ ਦੀ ਜਸਟਿਨ ਕਮੇਟੀ ਸਾਹਮਣੇ ਦਿੱਤੇ ਸਪੱਸ਼ਟੀਕਰਨ ਨੇ 'ਲਿਬਰਲ ਮਹਿਲ ਦੀਆਂ ਥੰਮੀਆਂ ਹਿਲਾ ਦਿੱਤੀਆਂ ਹਨ। ਜੋਡੀ ਵਿਲਸਨ ਦੇ ਕਿੱਸੇ ਨੂੰ ਠੰਡਾ ਕਰਨ ਲਈ ਪਿਛਲੇ ਦੋ ਦਿਨਾਂ ਤੋਂ ਲਿਰਬਲ ਸਰਕਾਰ ਚਾਰੇ ਪਾਸੇ ਫੰਡਾਂ ਦੇ ਐਲਾਨਾਂ ਦੀਆਂ ਝੜੀਆਂ ਲਾਉਣ ਵਿੱਚ ਰੁੱਝ ਗਈ ਸੀ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਜੇਨ ਫਿਲਪੌਟ ਐਸ ਐਨ ਸੀ ਲਾਵਾਲਿਨ ਦੇ ਵਤੀਰੇ ਤੋਂ ਖਫਾ ਹੋਣ ਕਾਰਣ ਅਸਤੀਫਾ ਦੇ ਕੇ ਪ੍ਰਧਾਨ ਮੰਤਰੀ ਨੂੰ 'ਥਾਂ ਸਿਰ'ਰੱਖਣ ਦੀ ਗੁਸਤਾਖੀ ਕਰੇਗੀ।

ਆਪਣਾ ਸਮੁੱਚਾ ਕੈਰੀਅਰ ਡਾਕਟਰੀ ਕਿੱਤੇ ਵਿੱਚ ਬਿਤਾਉਣ ਵਾਲੀ 59 ਸਾਲਾ ਜੇਨ ਫਿਲਪੌਟ ਨੇ 2015 ਵਿੱਚ ਮਾਰਖਮ ਸਟਾਊਟਸਫਿਲ ਤੋਂ ਚੋਣ ਲੜਨ ਦਾ ਐਲਾਨ ਕਰਨ ਵੇਲੇ ਹੀ ਆਪਣੇ ਧੱੜਲੇਦਾਰ ਸੁਭਾਅ ਦੀ 'ਜਾਣ ਪਹਿਚਾਣ'ਕਰਵਾ ਦਿੱਤੀ ਸੀ। ਇੱਕ ਪੱਤਰਕਾਰ ਨੂੰ ਜਵਾਬ ਦੇਂਦਿਆਂ ਉਸਨੇ ਕਿਹਾ ਸੀ ਕਿ 'ਸਿਆਸਤ ਹੋਰ ਕੁੱਝ ਨਹੀਂ ਸਗੋਂ ਵੱਡੇ ਪੱਧਰ ਉੱਤੇ ਦਿੱਤੀ ਜਾਣ ਵਾਲੀ ਦਵਾਈ ਹੁੰਦੀ ਹੈ'। ਕੱਲ ਉਸਨੇ ਪ੍ਰਧਾਨ ਮੰਤਰੀ ਦੇ ਡਿੱਕ ਡੋਲੇ ਖਾਂਦੇ ਇਖਲਾਕ ਨੂੰ ਆਪਣਾ ਅਸਤੀਫਾ ਕੇ ਸੱਚਮੁੱਚ ਦਵਾਈ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨੂੰ ਭੇਜੇ ਗਏ ਅਸਤੀਫਾ ਪੱਤਰ ਵਿੱਚ ਜੇਨ ਫਿਲਪੌਟ ਨੇ ਲਿਖਿਆ ਹੈ, "ਮੈਨੂੰ ਆਪਣਾ ਅਹੁਦਾ ਛੱਡਦੇ ਹੋਏ ਦੁੱਖ ਹੋ ਰਿਹਾ ਹੈ ਜਿੱਥੇ ਮੈਂ ਇੱਕ ਮਹੱਤਵਪੂਰਣ ਰੋਲ ਅਦਾ ਕਰ ਰਹੀ ਸੀ। ਪ੍ਰਤੂੰ ਮੈਨੂੰ ਆਪਣੀਆਂ ਬੁਨਿਆਦੀ ਕਦਰਾਂ ਕੀਮਤਾਂ, ਮੇਰੀਆਂ ਇਖਲਾਕੀ ਜੁੰਮੇਵਾਰੀਆਂ ਅਤੇ ਸੰਵਿਧਾਨਕ ਫਰਜ਼ਾਂ ਦੀ ਪਾਲਣਾ ਕਰਨ ਵਾਸਤੇ ਅਸਤੀਫਾ ਦੇਣਾ ਪੈ ਰਿਹਾ ਹੈ। ਮੈਂ ਜਾਣਦੀ ਹਾਂ ਕਿ ਸਿਧਾਂਤਾਂ ਉੱਤੇ ਪਹਿਰਾ ਦੇਣ ਦੀ ਕੀਮਤ ਅਦਾ ਕਰਨੀ ਪੈਂਦੀ ਹੁੰਦੀ ਹੈ ਪ੍ਰਤੂੰ ਸਿਧਾਂਤਾਂ ਨੂੰ ਤਿਆਗਣ ਦੀ ਕੀਮਤ ਉਸਤੋਂ ਵੀ ਵੱਡੀ ਹੁੰਦੀ ਹੈ।' ਇਹਨਾਂ ਸ਼ਬਦਾਂ ਦਾ ਉਸ ਪ੍ਰਧਾਨ ਮੰਤਰੀ ਲਈ ਉਸਦੀ ਆਪਣੀ ਵਜ਼ਾਰਤ ਦੀ ਇੱਕ ਔਰਤ ਮੰਤਰੀ ਵੱਲੋਂ ਲਿਖੇ ਜਾਣਾ ਮਾਅਨੇ ਰੱਖਦੇ ਹਨ ਜਿਹੜਾ ਗੱਲ ਗੱਲ ਉੱਤੇ ਸਮੂਹ ਕੈਨੇਡੀਅਨਾਂ ਨੂੰ ਇਖਲਾਕ ਦੀਆਂ ਪੱਟੀਆਂ ਪੜਾਉਣ ਵਿੱਚ ਰੁੱਝਿਆ ਰਹਿੰਦਾ ਸੀ।

ਜੇਨ ਫਿਲਪੌਟ ਅਤੇ ਜੋਡੀ ਵਿਲਸਨ ਦੋਵਾਂ ਦੇ ਅਸਤੀਫਿਆਂ ਦੀ ਕੜੀ ਵਿੱਚ ਲਿਬਰਲ ਐਮ ਪੀ ਬੀਬੀ ਸੇਲੀਨਾ ਸੀਜ਼ਰ ਸ਼ਾਵੇਨਸ਼ (Celina Caesar-Chavannes) ਦੀਆਂ ਟਿੱਪਣੀਆਂ ਮਾਅਨੇ ਰੱਖਦੀਆਂ ਹਨ। ਜੇਨ ਦੇ ਅਸਤੀਫੇ ਤੋਂ ਬਾਅਦ ਉਸਨੇ ਆਪਣੇ ਟਵਿੱਟਰ ਉੱਤੇ ਅਸਿੱਧੇ ਰੂਪ ਵਿੱਚ ਪ੍ਰਧਾਨ ਮੰਤਰੀ ਨੂੰ ਸੰਬੋਧਨ ਕਰਦੇ ਹੋਏ ਲਿਖਿਆ ਹੈ, 'ਜਦੋਂ ਤੁਸੀਂ ਔਰਤਾਂ ਦਾ ਸਾਥ ਲੈਂਦੇ ਹੋ, ਫੇਰ ਇਹ ਆਸ ਨਾ ਰੱਖੋ ਕਿ ਉਹ ਤੁਹਾਡੀਆਂ 'ਗੱਲਾਂ ਨੂੰ ਜਿਵੇਂ ਦੀਆਂ ਤਿਵੇਂ' ਸਵੀਕਾਰ ਕਰ ਲੈਣਗੀਆਂ। ਸਹੀ ਫੈਸਲੇ ਕਰਨ, ਸਹੀ ਗੱਲਾਂ ਉੱਤੇ ਸਟੈਂਡ ਲੈਣ ਅਤੇ ਕਦਰਾਂ ਕੀਮਤਾਂ ਨਾਲ ਸਮਝੌਤਾ ਕਰਨ ਦੀ ਥਾਂ ਛੱਡ ਕੇ ਲਾਂਭੇ ਹੋ ਜਾਣ ਦੀ ਗੁਸਤਾਖੀ ਲਈ ਸਾਨੂੰ ਔਰਤਾਂ ਨੂੰ ਮੁਆਫ ਕਰਨਾ'। ਚੇਤੇ ਰਹੇ ਕਿ ਐਮ ਪੀ ਸੇਲੀਨਾ ਨੇ ਹਾਲੇ ਦੋ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਉਹ ਅਗਲੀਆਂ ਫੈਡਰਲ ਚੋਣਾਂ ਨਹੀਂ ਲੜੇਗੀ।

ਥੋੜੀ ਦੇਰ ਪਹਿਲਾਂ ਇੱਕ 20 ਕੁ ਸਾਲ ਪੁਰਾਣਾ ਕਿੱਸਾ ਸਾਹਮਣੇ ਆਇਆ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਟਰੂਡੋ ਉੱਤੇ ਇੱਕ ਨੌਜਵਾਨ ਪੱਤਰਕਾਰ ਲੜਕੀ ਨਾਲ ਗਲਤ ਵਿਵਹਾਰ ਕਰਨ ਦੇ ਦੋਸ਼ ਸਨ। ਉਹ ਪੱਤਰਕਾਰ ਲੜਕੀ ਟਰੂਡੋ ਹੋਰਾਂ ਦੇ ਗਲਤ ਵਿਵਹਾਰ ਬਾਰੇ ਇੱਕ ਐਡੀਟੋਰੀਅਲ ਲਿਖ ਕੇ ਗੁੰਮਨਾਮ ਹੋ ਗਈ ਸੀ। ਸਮੇਂ ਦਾ ਗੇੜ ਵੇਖੋ ਕਿ ਔਰਤਾਂ ਦੇ ਹੱਕਾਂ ਦੀ ਕੋਠੇ ਚੜ ਕੇ ਦੁਹਾਈ ਦੇਣ ਵਾਲੇ ਟਰੂਡੋ ਹੋਰਾਂ ਨੂੰ ਹੁਣ ਉਸਦੀ ਆਪਣੀ ਵਜ਼ਾਰਤ ਦੀਆਂ ਬੀਬੀਆਂ ਨੇ ਨੰਗਾ ਚਿੱਟਾ ਕਰਨ ਦਾ ਬੀੜਾ ਚੁੱਕ ਲਿਆ ਹੈ। ਘਰ ਦੇ ਅੰਦਰੋਂ ਹੋਏ ਇਸ ਹਮਲੇ ਦਾ ਸਾਹਮਣਾ ਕਰਨਾ ਟਰੂਡੋ ਹਰਾਂ ਲਈ ਕਾਫੀ ਔਖਾ ਹੋਵੇਗਾ। ਇਸ ਸਮੁੱਚੇ ਘਟਨਾਕਰਮ ਦੇ ਮੱਦੇਨਜ਼ਰ ਇਹ ਗੱਲ ਦਿਲਚਸਪ ਹੋਵੇਗੀ ਕਿ 8 ਮਾਰਚ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਔਰਤ ਦਿਵਸ ਮੌਕੇ ਜਸਟਿਨ ਟਰੂਡੋ ਔਰਤਾਂ ਲਈ ਕੀ ਸੁਨੇਹਾ ਲੈ ਕੇ ਹਾਜ਼ਰ ਹੋਣਗੇ?

# ਜੇਨ ਫਿਲਪੌਟ ਨੇ ਵੀ ਟਰੂਡੋ ਮੰਤਰੀ ਮੰਡਲ ਤੋਂ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਟਰੂਡੋ ਨੂੰ ਭੇਜੇ ਅਸਤੀਫੇ ਵਿੱਚ ਫਿਲਪੌਟ ਨੇ ਆਖਿਆ ਕਿ ਇੰਜ ਲੱਗ ਰਿਹਾ ਹੈ ਕਿ ਸਾਡੇ ਨਿਆਂ ਸਿਸਟਮ ਦੀ ਆਜ਼ਾਦੀ ਤੇ ਅਖੰਡਤਾ ਦਾਅ ਉੱਤੇ ਹਨ। ਸਰਕਾਰ ਇਸ ਮਾਮਲੇ ਨਾਲ ਜਿਸ ਤਰ੍ਹਾਂ ਨਜਿੱਠ ਰਹੀ ਹੈ ਉਸ ਤੋਂ ਵੀ ਭਰੋਸਾ ਉੱਠ ਚੁੱਕਿਆ ਹੈ। ਇਸ ਉਪਰੰਤ ਇੱਕ ਬਿਆਨ ਵਿੱਚ ਟਰੂਡੋ ਦੇ ਆਫਿਸ ਨੇ ਆਖਿਆ ਕਿ ਪ੍ਰਧਾਨ ਮੰਤਰੀ ਨੇ ਫਿਲਪੌਟ ਨਾਲ ਉਨ੍ਹਾਂ ਦੇ ਅਸਤੀਫੇ ਬਾਰੇ ਗੱਲ ਕੀਤੀ ਸੀ ਤੇ ਫਿਰ ਉਨ੍ਹਾਂ ਇਹ ਅਸਤੀਫਾ ਸਵੀਕਾਰ ਕਰ ਲਿਆ ਤੇ ਉਨ੍ਹਾਂ ਦੀਆਂ ਸੇਵਾਵਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ।
ਪਬਲਿਕ ਸਰਵਿਸ ਐਂਡ ਪ੍ਰੋਕਿਓਰਮੈਂਟ ਐਂਡ ਅਸਕਸੈਸੇਬਿਲਿਟੀ ਮੰਤਰੀ ਕਾਰਲਾ ਕੁਆਲਟਰੋ ਹੁਣ ਕਾਰਜਕਾਰੀ ਤੌਰ ਉੱਤੇ ਫਿਲਪੌਟ ਦਾ ਅਹੁਦਾ ਸਾਂਭੇਗੀ। ਅਜੇ ਇਹ ਵੇਖਣਾ ਬਾਕੀ ਹੈ ਕਿ ਕੀ ਇਸ ਨਾਲ ਕੈਬਨਿਟ ਵਿੱਚ ਇੱਕ ਵਾਰੀ ਫਿਰ ਫੇਰਬਦਲ ਹੋਵੇਗਾ ਜਾਂ ਫਿਰ ਕਿਸੇ ਇੱਕ ਵਿਅਕਤੀ ਨੂੰ ਇਹ ਅਹੁਦਾ ਸੰਭਾਲ ਦਿੱਤਾ ਜਾਵੇਗਾ।

# ਕੋਵਰਿਗ ਤੇ ਸਪੇਵਰ ਉੱਤੇ ਚੀਨ ਵੱਲੋਂ ਜਾਸੂਸੀ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਨੂੰ ਟਰੂਡੋ ਨੇ ਨਕਾਰਿਆ

...ਪੰਨਾ 1 ਦਾ ਬਾਕੀ

ਚੀਨ ਦੀ ਸਰਕਾਰੀ ਖਬਰ ਏਜੰਸੀ ਜ਼ਿਨਹੁਆ ਵੱਲੋਂ ਪੇਸ਼ ਕੀਤੀ ਗਈ ਅਣਪਛਾਤੇ ਸਰੋਤ ਦੀ ਰਿਪੋਰਟ ਵਿੱਚ ਪਹਿਲੀ ਵਾਰੀ ਇਹ ਆਖਿਆ ਗਿਆ ਕਿ ਕੋਵਰਿਕ ਤੇ ਸਪੇਵਰ ਦੋਵੇਂ ਰਲ ਕੇ ਦੇਸ਼ ਦੀ ਗੁਪਤ ਜਾਣਕਾਰੀ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।
ਦੋਵਾਂ ਦੇ ਮਾਮਲਿਆਂ ਨੂੰ ਪਹਿਲੀ ਵਾਰੀ ਜੋੜਿਆ ਗਿਆ ਹੈ। ਆਪਣੀ ਗ੍ਰਿਫਤਾਰੀ ਸਮੇਂ ਜਿੱਥੇ ਕੋਵਰਿਗ ਕੰਮ ਕਰਦਾ ਸੀ ਉਸ ਇੰਟਰਨੈਸ਼ਨਲ ਕ੍ਰਾਇਸਿਸ ਗਰੁੱਪ ਨੇ ਇਸ ਗੱਲ ਤੋਂ ਸਾਫ ਇਨਕਾਰ ਕੀਤਾ ਹੈ ਕਿ ਉਹ ਜਾਸੂਸੀ ਵਿੱਚ ਸ਼ਾਮਲ ਸੀ। ਕੋਵਰਿਗ ਤੇ ਸਪੇਵਰ ਨੂੰ ਬਿਨਾ ਕਿਸੇ ਚਾਰਜ ਜਾਂ ਵਕੀਲ ਤੱਕ ਪਹੁੰਚ ਦੇ ਬਿਨਾ ਹੀ ਕੈਦ ਕਰਕੇ ਰੱਖਿਆ ਗਿਆ ਹੈ। ਉਨ੍ਹਾਂ ਤੱਕ ਕੈਨੇਡੀਅਨ ਕਾਉਂਸਲਰ ਦੇ ਦੌਰੇ ਨੂੰ ਵੀ ਮਹੀਨੇ ਵਿੱਚ ਇੱਕ ਵਾਰੀ ਇਜਾਜ਼ਤ ਦਿੱਤੀ ਗਈ ਹੈ ਜਦਕਿ ਮੈਂਗ ਨੂੰ ਜ਼ਮਾਨਤ ਉੱਤੇ ਰਿਹਾਅ ਕੀਤਾ ਜਾ ਚੁੱਕਿਆ ਹੈ ਤੇ ਉਹ ਵੈਨਕੂਵਰ ਵਿਚਲੇ ਆਪਣੇ ਬੰਗਲੇ ਵਿੱਚ ਰਹਿ ਰਹੀ ਹੈ। ਮੈਂਗ ਦੇ ਵਕੀਲਾਂ ਨੇ ਐਤਵਾਰ ਨੂੰ ਆਖਿਆ ਕਿ ਉਹ ਕੈਨੇਡੀਅਨ ਸਰਕਾਰ ਖਿਲਾਫ ਸਿਵਲ ਮੁਕੱਦਮਾ ਦਰਜ ਕਰਵਾਉਣਗੇ।

# ਚਾਰਾਂ ਵਿੱਚੋਂ ਇੱਕ ਕੈਨੇਡੀਅਨ ਦੀ ਵੋਟ ਨੂੰ ਪ੍ਰਭਾਵਿਤ ਕਰੇਗਾ ਐਸਐਨਸੀ-ਲਾਵਾਲਿਨ ਮਾਮਲਾ : ਸਰਵੇ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਸਰਵੇਖਣ ਵਿੱਚ ਇਹ ਵੀ ਪਾਇਆ ਗਿਆ ਕਿ ਕੈਨੇਡੀਅਨ ਕਿਸ ਪਾਰਟੀ ਨੂੰ ਵਧੇਰੇ ਇਖਲਾਕੀ ਮੰਨਦੇ ਹਨ। 34 ਫੀ ਸਦੀ ਦਾ ਮੰਨਣਾ ਹੈ ਕਿ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਵਧੇਰੇ ਇਖਲਾਕੀ ਹੈ ਜਦਕਿ 34 ਫੀ ਸਦੀ ਦਾ ਹੀ ਮੰਨਣਾ ਹੈ ਕਿ ਐਂਡਰਿਊ ਸ਼ੀਅਰ ਦੀ ਕੰਜ਼ਰਵੇਟਿਵ ਪਾਰਟੀ ਵਧੇਰੇ ਇਖਲਾਕੀ ਹੈ, 32 ਫੀ ਸਦੀ ਵੋਟਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਅਜੇ ਇਸ ਗੱਲ ਦਾ ਪੱਕਾ ਪਤਾ ਨਹੀਂ ਹੈ ਕਿ ਕਿਹੜੀ ਪਾਰਟੀ ਵਧੇਰੇ ਇਖਲਾਕੀ ਹੈ। ਸਰਵੇਖਣ ਅਨੁਸਾਰ ਇਸ ਪਲ ਵਿੱਚ ਐਲਿਜ਼ਾਬੈੱਥ ਮੇਅ ਦੀ ਗ੍ਰੀਨ ਪਾਰਟੀ ਨੂੰ ਕੈਨੇਡਾ ਦੀ ਸੱਭ ਤੋਂ ਵੱਧ ਇਖਲਾਕੀ ਪਾਰਟੀ ਦੱਸਿਆ ਜਾ ਰਿਹਾ ਹੈ। 28 ਫੀ ਸਦੀ ਕੈਨੇਡੀਅਨਾਂ ਨੇ ਇਹ ਆਖਿਆ ਹੈ ਕਿ ਗ੍ਰੀਨ ਪਾਰਟੀ ਵਧੇਰੇ ਇਖਲਾਕੀ ਹੈ। ਗ੍ਰੀਨਜ਼ ਤੋਂ ਬਾਅਦ ਕੰਜ਼ਰਵੇਟਿਵਾਂ ਨੂੰ 21 ਫੀ ਸਦੀ ਕੈਨੇਡੀਅਨ ਵਧੇਰੇ ਇਖਲਾਕੀ ਪਾਰਟੀ ਮੰਨਦੇ ਹਨ। ਇਸ ਮਾਮਲੇ ਵਿੱਚ ਐਨਡੀਪੀ ਨੂੰ 11 ਫੀ ਸਦੀ ਤੇ ਲਿਬਰਲਾਂ ਨੂੰ 10 ਫੀ ਸਦੀ ਕੈਨੇਡੀਅਨ ਇਖਲਾਕੀ ਮੰਨਦੇ ਹਨ। ਤਿੰਨ ਫੀ ਸਦੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਮੈਕਸਿਮ ਬਰਨੀਅਰ ਦੀ ਪੀਪਲਜ਼ ਪਾਰਟੀ ਆਫ ਕੈਨੇਡਾ ਤੇ ਦੋ ਫੀ ਸਦੀ ਦਾ ਮੰਨਣਾ ਹੈ ਕਿ ਬਲਾਕ ਕਿਊਬਿਕੌਇਸ ਵਧੇਰੇ ਇਖਲਾਕੀ ਹਨ। 14 ਫੀ ਸਦੀ ਕੈਨੇਡੀਅਨਾਂ ਨੂੰ ਲੱਗਦਾ ਹੈ ਕਿ ਕੋਈ ਪਾਰਟੀ ਇਖਲਾਕੀ ਨਹੀਂ ਹੈ ਜਦਕਿ 11 ਫੀ ਸਦੀ ਦੀ ਇਸ ਬਾਰੇ ਕੋਈ ਰਾਇ ਨਹੀਂ ਹੈ।



ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਫੈਡਰਲ ਚੋਣਾਂ ਵਿੱਚ ਲਿਬਰਲ ਉਮੀਦਵਾਰ ਵਜੋਂ ਹਿੱਸਾ ਲਵੇਗੀ ਰੇਅਬੋਲਡ !

...ਪੰਨਾ 1 ਦਾ ਬਾਕੀ

ਲਿਬਲਰ ਕਾਕਸ ਵਿੱਚ ਬਣੀ ਰਹਿ ਸਕਦੀ ਹੈ ਜਾਂ ਨਹੀਂ। ਟਰੂਡੋ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਅਜੇ ਰੇਅਬੋਲਡ ਦੀ ਧਮਾਕਾਖੇਜ਼ ਗਵਾਹੀ ਦਾ ਪੂਰੀ ਚੰਗੀ ਤਰ੍ਹਾਂ ਮੁਲਾਂਕਣ ਕਰਨ ਦਾ ਮੌਕਾ ਨਹੀਂ ਮਿਲਿਆ ਹੈ।
ਜ਼ਿਕਰਯੋਗ ਹੈ ਕਿ ਆਪਣੀ ਗਵਾਹੀ ਵਿੱਚ ਰੇਅਬੋਲਡ ਨੇ ਦੋਸ਼ ਲਾਇਆ ਸੀ ਕਿ ਕਿਊਬਿਕ ਸਥਿਤ ਇੰਜੀਨੀਅਰਿੰਗ ਫਰਮ ਐਸਐਨਸੀ-ਲਾਵਾਲਿਨ ਖਿਲਾਫ ਮੁਜਰਮਾਨਾ ਕਾਰਵਾਈ ਨੂੰ ਰੋਕਣ ਲਈ ਟਰੂਡੋ ਤੇ ਨੌਂ ਹੋਰਨਾਂ ਉੱਚ ਸਰਕਾਰੀ ਅਧਿਕਾਰੀਆਂ ਨੇ ਉਸ ਉੱਤੇ ਦਬਾਅ ਪਾਇਆ ਸੀ। ਰੇਅਬੋਲਡ ਨੇ ਆਖਿਆ ਕਿ ਉਸ ਉੱਤੇ ਕੰਪਨੀ ਨਾਲ ਅਦਾਲਤ ਤੋਂ ਬਾਹਰ ਸੈਟਲਮੈਂਟ ਕਰਨ ਦੇ ਕਿਊਬਿਕ ਵਿੱਚ ਲਿਬਰਲਾਂ ਦੀ ਸਾਖ ਨੂੰ ਬਚਾਉਣ ਲਈ ਨਾ ਸਿਰਫ ਸਿਆਸੀ ਦਬਾਅ ਹੀ ਪਾਇਆ ਗਿਆ ਸਗੋਂ ਉਸ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ। ਦੋਸ਼ੀ ਪਾਏ ਜਾਣ ਉੱਤੇ ਕੰਪਨੀ ਇੱਕ ਦਹਾਕੇ ਲਈ ਫੈਡਰਲ ਕਾਂਟਰੈਕਟਸ ਹਾਸਲ ਕਰਨ ਜਾਂ ਉਨ੍ਹਾਂ ਲਈ ਬੋਲੀ ਲਾਉਣ ਤੋਂ ਵਾਂਝੀ ਹੋ ਸਕਦੀ ਹੈ।
ਰੇਅਬੋਲਡ ਵੱਲੋਂ ਜਿਨ੍ਹਾਂ ਅਧਿਕਾਰੀਆਂ ਉੱਤੇ ਦੋਸ਼ ਲਾਏ ਗਏ ਹਨ ਉਨ੍ਹਾਂ ਸਭਨਾਂ ਨੇ ਇਸ ਮਾਮਲੇ ਵਿੱਚ ਗਲਤ ਢੰਗ ਨਾਲ ਦਖਲ ਦੇਣ ਤੋਂ ਇਨਕਾਰ ਕੀਤਾ ਹੈ। ਟਰੂਡੋ ਦਾ ਵੀ ਇਹੋ ਕਹਿਣਾ ਹੈ ਕਿ ਰੇਅਬੋਲਡ ਵੱਲੋਂ ਘਟਨਾਵਾਂ ਨੂੰ ਆਪਣੇ ਹਿਸਾਬ ਨਾਲ ਤੋੜ-ਮਰੋੜ ਕੇ ਪੇਸ਼ ਕਰਨ ਤੋਂ ਉਹ ਉਨ੍ਹਾਂ ਨਾਲ ਬਿਲਕੁਲ ਵੀ ਸਹਿਮਤ ਨਹੀਂ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਦੇ ਆਫਿਸ ਨੇ ਹਮੇਸ਼ਾਂ ਪੇਸ਼ੇਵਰਾਨਾਂ ਢੰਗ ਨਾਲ ਹੀ ਕੰਮ ਕੀਤਾ ਹੈ। ਇੱਕ ਇੰਟਰਵਿਊ ਦੌਰਾਨ ਪਬਲਿਕ ਸੇਫਟੀ ਮੰਤਰੀ ਵਿਲਸਨ ਰੇਅਬੋਲਡ ਨੇ ਆਖਿਆ ਕਿ ਟਰੂਡੋ ਤੇ ਰੇਅਬੋਲਡ ਦਰਮਿਆਨ ਸਬੰਧਾਂ ਨੂੰ ਦਰੁਸਤ ਕਰਨ ਵਿੱਚ ਕਾਫੀ ਸਮਾਂ ਤੇ ਮਿਹਨਤ ਲੱਗੇਗੀ।

# ਮਾਊਂਨਟੇਨਾਸ਼ ਸੀਨੀਅਰ ਕਲੱਬ ਵੱਲੋਂ ਪੁਲਵਾਮਾ ਦੇ ਸ਼ਹੀਦਾਂ ਨੂੰ ਸ਼ਰਧਾਜ਼ਲੀ



1 ਮਾਰਚ ਨੂੰ ਮਾਊਂਨਟੇਨਾਸ਼ ਸੀਨੀਅਰ ਕਲੱਬ, ਬਰੈਂਪਟਨ ਨੇ ਆਪਣੀ ਜਨਰਲ ਬਾਡੀ ਮੀਟਿੰਗ ਆਯੋਜਿਤ ਕੀਤੀ। ਇਸ ਮੀਟਿੰਗ ਦੌਰਾਨ 14 ਫਰਵਰੀ ਨੂੰ ਪੁੱਲਵਾਮਾ ਵਿਚ ਹੋਏ ਬੰਬ ਧਮਾਕੇ ਵਿਚ ਮਾਰੇ ਗਏ ਸੀਆਰਪੀਐਫ ਦੇ ਬਹਾਦਰ ਸਿਪਾਹੀਆਂ ਨੂੰ ਕਲੱਬ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਸਤਿਕਾਰ ਦੇਣ ਲਈ ਦੋ ਮਿੰਟ ਦਾ ਮੌਨ ਰੱਖਕੇ ਸ਼ਰਧਾਂਜ਼ਲੀ ਦਿੱਤੀ ਗਈ। ਕਲੱਬ ਦੀ ਸੀਨੀਅਰ ਉਪ ਪ੍ਰਧਾਨ ਚਰਨਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਕਲੱਬ ਦੇ ਮੈਂਬਰਾਂ ਵੱਲੋਂ ਆਪਣੇ-ਆਪਣੇ ਵਿਚਾਰ ਰੱਖੇ ਗਏ। ਪ੍ਰਧਾਨ ਸੁਖਦਰਸ਼ਨ ਸਿੰਘ ਕੁਲਾਰ ਅਤੇ ਮੈਂਬਰਾਂ ਨੇ ਸ਼ਾਂਤੀ ਲਈ ਅਰਦਾਸ ਕੀਤੀ।




# 'ਨਿਊ ਪਲਾਈਮੱਥ ਮਲਟੀ ਏਥਨਿਕ ਐਕਸਟ੍ਰਾਵਗੈਨਜ਼' 'ਚ ਭਾਰਤੀ ਲੋਕ ਨਾਚਾਂ ਨੇ ਕੀਤੀ ਸਟੇਜ ਸਾਂਝੀ





ਆਕਲੈਂਡ, 4 ਮਾਰਚ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਤੋਂ ਲਗਪਗ 360 ਕਿਲੋਮੀਟਰ ਦੂਰ ਵਸੇ ਸ਼ਹਿਰ ਨਿਊ ਪਲਾਈਮੱਥ ਵਿਖੇ ਵਸਦੇ ਭਾਰਤੀਆਂ ਦੀ ਗਿਣਤੀ ਦੇ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਥੇ ਭਾਵੇਂ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ, ਪਰ ਨੌਕਰੀ ਤੇ ਟੈਕਸੀ ਵਪਾਰ ਕਰਦੇ ਪਰਿਵਾਰ ਜਿਆਦਾ ਹਨ। ਇਥੇ ਵਸਦੀ ਭਾਰਤੀ ਤੇ ਖਾਸਕਰ ਪੰਜਾਬੀ ਕਮਿਊਨਿਟੀ ਵੱਖ-ਵੱਖ ਸਮੇਂ ਜਿੱਥੇ ਗੁਰਪੁਰਬ ਆਦਿ ਮਨਾ ਕੇ ਧਾਰਮਿਕ ਮਾਹੌਲ ਸਿਰਜ ਲੈਂਦੇ ਹਨ ਉਥੇ ਭਾਰਤੀ ਸਭਿਆਚਾਰ ਦੀ ਝਲਕ ਪਾਉਣ ਵਾਸਤੇ ਵੀ ਉਦਮ ਕਰਦੇ ਰਹਿੰਦੇ ਹਨ। ਬੀਤੇ ਕੱਲ੍ਹ 'ਨਿਊ ਪਲਾਈਮੱਥ ਮਲਟੀ-ਏਥਨਿਕ ਐਕਸਟ੍ਰਾਵਗੈਨਜ਼' ਵੱਲੋਂ ਟਾਊਣ ਦੇ ਵਿਚ ਵਿਸ਼ਾਲ ਪ੍ਰੇਡ ਦਾ ਆਯੋਜਿਨ ਕੀਤਾ ਗਿਆ। ਇਸ ਦੌਰਾਨ ਦਰਜਨਾਂ ਦੇਸ਼ਾਂ ਦੀਆਂ ਝਲਕੀਆਂ ਅਤੇ ਹੋਰ ਸਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਇਥੇ ਵਸਦੇ ਭਾਰਤੀਆਂ ਨੇ 'ਨਿਊ ਪਲਾਈਮੱਥ ਇੰਡੀਅਨ ਕਮਿਊਨਿਟੀ' ਦੀ ਤਰਫ ਤੋਂ ਪੁੱਕੀਕੋਰਾ ਰੇਸਕੋਰਸ ਵਿਖੇ ਬਣਾਈ ਗਈ ਵੱਡੀ ਸਟੇਜ ਸਾਂਝੀ ਕਰਦਿਆਂ ਬਾਲੀਵੁੱਡ ਨ੍ਰਿਤ ਅਤੇ ਪੰਜਾਬ ਦੇ ਲੋਕ ਨਾਚ ਭੰਗੜਾ ਤੇ ਗਿੱਧਾ ਪੇਸ਼ ਕਰਕੇ ਜਿੱਥੇ ਡੀ. ਜੇ. ਨੂੰ ਕੰਬਣ ਲਾ ਦਿੱਤਾ ਉਤੇ ਸਟੇਜ ਸਾਂਝੀ ਕਰਨ ਦਾ ਮਾਣ ਵੀ ਹਾਸਿਲ ਕੀਤਾ। 'ਪੰਜਾਬੀ ਭੰਗੜਾ ਗਰੁੱਪ' ਦੀ 8 ਮੈਂਬਰੀ ਟੀਮ ਨੇ ਆਪਣੇ ਢੋਲ, ਖੂੰਡੇ, ਸੰਗੀਤਕ ਸੱਪਾਂ ਅਤੇ ਹੋਰ ਸਾਜਾਂ ਦੇ ਨਾਲ 'ਮਲਟੀ ਏਥਨਿਕ' ਗਰੁੱਪ ਦੇ ਵਿਚ ਪੰਜਾਬੀ ਲੋਕ ਨਾਚ ਦੀ ਇਕ ਯਾਦਗਾਰੀ ਛਾਪ ਛੱਡੀ। ਇਥੇ ਵਸਦੀਆਂ ਪੰਜਾਬੀ ਕੁੜੀਆਂ ਨੇ ਵੀ ਪੰਜਾਬੀ ਬੋਲੀਆਂ ਤੇ ਗੀਤਾਂ ਦੇ ਬੋਲਾਂ 'ਤੇ ਨੱਚ ਕੇ ਵਿਆਹ ਵਰਗਾ ਮਾਹੌਲ ਸਿਰਜ ਦਿੱਤਾ। ਪ੍ਰੇਡ ਦੇ ਵਿਚ ਵੀ ਭੰਗੜਾ ਟੀਮ ਨੇ ਢੋਲ ਦੇ ਨਾਲ ਸੜਕਾਂ ਕਿਨਾਰੇ ਖੜ੍ਹੇ ਲੋਕਾਂ ਦਾ ਵਿਸ਼ੇਸ਼ ਧਿਆਨ ਖਿਚਿਆ। ਲੋਕਾਂ ਨੇ ਵੀਡੀਓਜ਼ ਬਣਾਈਆਂ ਅਤੇ ਸ਼ੋਸ਼ਲ ਮੀਡੀਆ ਉਤੇ ਸ਼ੇਅਰ ਕੀਤੀਆਂ। ਇਹ ਪ੍ਰੇਡ ਹਰ ਸਾਲ ਕਰਵਾਈ ਜਾਂਦੀ ਹੈ ਅਤੇ ਭਾਰਤੀ ਭਾਈਚਾਰਾ ਹਰ ਸਾਲ ਇਸ ਕੋਸ਼ਿਸ਼ ਵਿਚ ਰਹੇਗਾ ਕਿ ਇਥੇ ਭਾਰਤੀ ਰੰਗਾਂ ਨੂੰ ਸਥਾਨਕ ਰੰਗਾਂ ਦੇ ਨਾਲ ਸਾਂਝਾ ਕਰਕੇ ਇਕ ਮਲਟੀਨੈਸ਼ਨਲ ਦੇਸ਼ ਦਾ ਦਰਜਾ ਹੋਰ ਵਧਾਇਆ ਜਾ ਸਕੇ। ਸਾਰੇ ਭਾਰਤੀ ਕਲਾਕਾਰਾਂ ਨੂੰ 'ਨਿਊ ਪਲਾਈਮੱਖ ਟੈਕਸੀ ਸੁਸਾਇਟੀ' ਵੱਲੋਂ ਸਪਾਂਸਰ ਕੀਤਾ ਗਿਆ ਸੀ।






# ਪੰਜਾਬ ਜੰਗ ਨਹੀਂ ਅਮਨ ਚਾਹੁੰਦਾ ਹੈ



ਕਿਰਪਾਲ ਸਿੰਘ ਬਠਿੰਡਾ
88378-13661

26 ਫਰਵਰੀ ਨੂੰ ਜਦੋਂ ਤੋਂ ਭਾਰਤੀ ਹਵਾਈ ਸੈਨਾ ਨੇ ਸਰਹੱਦੋਂ ਪਾਰ ਕੀਤੀ ਕਰਵਾਈ ਦੌਰਾਨ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤਇਬਾ ਦੇ 350 ਅਤਵਾਦੀ ਮਾਰੇ ਜਾਣ ਅਤੇ ਇਸ ਵੱਡੀ ਪ੍ਰਾਪਤੀ ਦੇ ਮਨਾਏ ਜਾ ਰਹੇ ਜਸ਼ਨਾਂ ਦੀਆਂ ਖ਼ਬਰਾਂ ਆ ਰਹੀਆਂ ਸਨ ਜਿਨ੍ਹਾਂ ਵਿੱਚ ਫੌਜ ਤੋਂ ਵੱਧ ਮੋਦੀ ਨੂੰ ਲਾਮਿਸਾਲ ਹੀਰੋ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ ਤਾਂ ਉਸੇ ਸਮੇਂ ਤੋਂ ਮੇਰੇ ਮਨ ’ਚ ਸ਼ੰਕੇ ਉਪਜ ਰਹੇ ਸਨ। ਪੰਜਾਬ ਵਿੱਚ ਕਾਲ਼ੇ ਦੌਰ ਸਮੇਂ ਪੱਟੀ ਇਲਾਕੇ ਦੇ ਇਕ ਦਲਿਤ ਨੌਜਵਾਨ ਦਾ ਮੈਨੂੰ ਚੇਤਾ ਆ ਰਿਹਾ ਸੀ ਜਿਸ ਨੂੰ ਕਥਿਤ ਮੁਕਾਬਲੇ ’ਚ ਮਰਿਆ ਦੱਸ ਕੇ ਹਸਪਤਾਲ ਵਿੱਚ ਪੋਸਟ ਮਾਰਟਮ ਲਈ ਲਿਆਂਦਾ ਗਿਆ। ਪੋਸਟ ਮਾਰਟਮ ਕਰਨ ਵਾਲੇ ਡਾਕਟਰ ਨੇ ਲਿਆਂਦੀ ਗਈ ਲਾਸ਼ ’ਚ ਹਿੱਲਜੁਲ ਵੇਖੀ ਤੇ ਪੁਲਿਸ ਨੂੰ ਦੱਸਿਆ ਕਿ ਇਸ ਦਾ ਪੋਸਟ ਮਾਰਟਮ ਨਹੀਂ ਬਲਕਿ ਇਲਾਜ਼ ਕਰਨ ਦੀ ਲੋੜ ਹੈ। ਪੁਲਿਸ ਵਾਲੇ ਉਸ ਬਦਨਸੀਬ ਨੂੰ ਜ਼ਬਰਦਸਤੀ ਉਥੋਂ ਚੁੱਕ ਕੇ ਲੈ ਗਏ ਤੇ ਕੁਝ ਸਮੇਂ ਬਾਅਦ ਉਸ ਨੂੰ ਲਾਸ਼ ਬਣਾ ਕੇ ਲੈ ਆਏ। ਬਹੁਤ ਸਾਰੇ ਕਥਿਤ ਅਤਵਾਦੀ ਜਿਨ੍ਹਾਂ ਦੇ ਸਿਰਾਂ ’ਤੇ ਇਨਾਮ ਰੱਖੇ ਗਏ ਸਨ ਉਨ੍ਹਾਂ ਨੂੰ ਮੁਕਾਬਿਲਆਂ ਵਿੱਚ ਮਾਰਿਆ ਦੱਸ ਕੇ ਪੁਲਿਸ ਮੁਲਾਜਮਾਂ ਨੇ ਇਨਾਮ ਤੇ ਤਰੱਕੀਆਂ ਹਾਸਲ ਕੀਤੀਆਂ ਪਰ ਉਹ ਵਿਅਕਤੀ ਹਾਲੀ ਵੀ ਜੀਵਤ ਹਨ। ਇਹ ਯਾਦਾਂ ਹੀ ਮੇਰੇ ਸ਼ੰਕਿਆਂ ਵਿੱਚ ਵਾਧਾ ਕਰ ਰਹੀਆਂ ਸਨ ਕਿ ਜਿੱਥੋਂ ਦੀਆਂ ਸਰਕਾਰਾਂ ਜਿਉਂਦਿਆਂ ਨੂੰ ਮਾਰੇ ਦੱਸ ਕੇ ਇਨਾਮ ਵੰਡ ਰਹੀ ਹੋਵੇ, ਰੇਲ ਹਾਦਸੇ ’ਚ ਮਰੇ ਮੁਸਾਫਿਰਾਂ ਦੀ ਤਿੰਨ ਦਿਨਾਂ ਤੱਕ ਸਹੀ ਗਿਣਤੀ ਨਹੀਂ ਦੱਸ ਸਕਦੀ, ਨੋਟਬੰਦੀ ਤੋਂ ਢਾਈ ਸਾਲ ਪਿੱਛੋਂ ਤੱਕ ਵੀ ਇਸ ਰਾਹੀਂ ਇਕੱਤਰ ਹੋਈ ਬਲੈਕ-ਮਨੀ ਦੀ ਰਕਮ ਨਹੀਂ ਦੱਸ ਸਕੀ ਉੱਥੋਂ ਦੀ ਸਰਕਾਰ ਨੇ ਹਵਾਈ ਸੈਨਾ ਵੱਲੋਂ ਸਰਹੱਦੋਂ ਪਾਰ 17 ਮਿੰਟਾਂ ਦੀ ਕੀਤੀ ਕਾਰਵਾਈ ਦੌਰਾਨ ਮਾਰੇ 350 ਅਤਵਾਦੀਆਂ ਦੀ ਗਿਣਤੀ ਅਤੇ ਅਜ਼ਹਰ ਮਸੂਦ ਦੇ ਮਾਰੇ ਗਏ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਦੀ ਸ਼ਿਨਾਖਤ ਕਿਵੇਂ ਕਰ ਲਈ? ਵੱਡੀ ਹੈਰਾਨੀ ਇਹ ਹੈ ਕਿ ਇੱਕ ਪਾਸੇ ਤਾਂ ਸਰਹੱਦੋਂ ਪਾਰ ਕੀਤੀ ਵੱਡੀ ਕਾਰਵਾਈ ਦਾ ਢੋਲ ਪਿੱਟ ਕੇ ਗੋਦੀ ਮੀਡੀਆ ਰਾਹੀਂ ਵੋਟਾਂ ਦਾ ਧਰੁਵੀਕਾਰਨ ਕਰਨ ਲਈ ਪੂਰੀ ਵਾਹ ਲਾਈ ਜਾ ਰਹੀ ਹੈ ਤੇ ਦੂਸਰੇ ਪਾਸੇ ਇਸ ਕਾਰਵਾਈ ਦੇ ਸਬੂਤ ਮੰਗਣ ਵਾਲੇ ਵਿਰੋਧੀ ਧਿਰ ਦੇ ਆਗੂਆਂ ਦੀ ਦੇਸ਼ ਭਗਤੀ ’ਤੇ ਸਵਾਲ ਉਠਾਏ ਜਾ ਰਹੇ ਹਨ ਕਿ ਸਬੂਤ ਮੰਗ ਕੇ ਇਹ ਦੇਸ਼ ਦੀ ਬਦਨਾਮੀ ਕਰ ਰਹੇ ਹਨ। ਹੈਰਾਨੀ ਹੈ ਕਿ ਜਿਸ ਕਾਰਵਾਈ ਦੇ ਸਬੂਤ ਦੇਣ ਨਾਲ ਦੇਸ਼ ਦੀ ਬਦਨਾਮੀ ਹੁੰਦੀ ਹੈ ਉਸ ਕਾਰਵਾਈ ਦੀ ਪ੍ਰਪਤੀ ਦਾ ਢੋਲ ਪਿੱਟਣ ਦੀ ਕੀ ਲੋੜ ਹੈ? ਕੇਵਲ ਵੋਟਾਂ ਦੇ ਧਰੁਵੀਕਰਨ ਲਈ?

ਇਹ ਵੀ ਚੇਤੇ ਰੱਖਣਯੋਗ ਹੈ ਕਿ 1984 ’ਚ ਜਿਸ ਤਰ੍ਹਾਂ ਸਰਕਾਰ ਤੇ ਇਸ ਦੇ ਗੋਦੀ ਮੀਡੀਏ ਨੇ ਸਿੱਖਾਂ ਨੂੰ ਦੇਸ਼ ਦੇ ਦੁਸ਼ਮਣ ਤੇ ਪਾਕਿਸਤਾਨ ਪੱਖੀ ਹੋਣਾ ਪ੍ਰਚਾਰ ਕੇ ਬੇਕਸੂਰ ਸਿੱਖਾਂ ਦਾ ਘਾਣ ਕੀਤਾ ਠੀਕ ਉਸੇ ਤਰ੍ਹਾਂ ਹੁਣ ਕਸ਼ਮੀਰੀਆਂ ਨੂੰ ਦੇਸ਼ ਵਿਰੋਧੀ ਪ੍ਰਚਾਰਿਆ ਜਾ ਰਿਹਾ ਹੈ। ਅਜਿਹਾ ਝੂਠਾ ਪ੍ਰਚਾਰ ਕਦੀ ਵੀ ਅਤਿਵਾਦ ਦੇ ਖਾਤਮੇ ਲਈ ਸਹਾਇਕ ਨਹੀਂ ਹੋਵੇਗਾ ਸਗੋਂ ਘੱਟ ਗਿਣਤੀਆਂ ਵਿੱਚ ਤੋਖਲਾ ਵਧੇਗਾ ਕਿ ਜਿਸ ਦੇਸ਼ ਵਿੱਚ ਹਰ ਚੋਣਾਂ ਸਮੇਂ ਰਾਮ ਮੰਦਰ ਦੀ ਉਸਾਰੀ ਅਤੇ ਅਤਿਵਾਦ ਦੇ ਨਾਮ ’ਤੇ ਪਾਕਿਸਤਾਨ ਨਾਲ ਜੰਗ ਦਾ ਹਊਆ ਖੜ੍ਹਾ ਕਰਕੇ ਫਿਰਕਾਪ੍ਰਸਤੀ ਨੂੰ ਵਡਾਵਾ ਦੇ ਕੇ ਘੱਟ ਗਿਣਤੀਆਂ ਵਿਰੁੱਧ ਨਫਰਤ ਫੈਲਾ ਕੇ ਬਹੁ ਗਿਣਤੀ ਦੀਆਂ ਵੋਟਾਂ ਹਾਸਲ ਕਰਨ ਦੀ ਨੀਤੀ ਅਪਣਾਈ ਜਾਂਦੀ ਹੋਵੇ, ਗਊ ਮਾਸ ਦੇ ਨਾਮ ’ਤੇ ਦਲਿਤਾਂ ਤੇ ਘੱਟ ਗਿਣਤੀਆਂ ਨਾਲ ਸਬੰਧਤ ਲੋਕਾਂ ਦੇ ਹਜੂਮੀ ਹਿੰਸਾ ਰਾਹੀਂ ਮਿੰਟਾਂ ਵਿੱਚ ਹੀ ਕਤਲ ਕੀਤੇ ਜਾਣ ਨੂੰ ਜਾਇਜ ਠਹਿਰਾਇਆ ਜਾਂਦਾ ਹੋਵੇ ਉਸ਼ ਦੇਸ਼ ਵਿੱਚ ਭਲਾਂ ਅਮਨ ਸ਼ਾਂਤੀ ਕਿਵੇਂ ਰੱਖੀ ਜਾ ਸਕਦੀ ਹੈ? ਘੱਟ ਗਿਣਤੀਆਂ ਸੋਚਣ ਲਈ ਮਜਬੂਰ ਹੋਣਗੀਆਂ ਕਿ ਪਲ ਪਲ ਸਹਿਮ ਦੇ ਡਰ ਹੇਠ ਜਿਉਣ ਨਾਲੋਂ ਚੰਗਾ ਹੈ ਕਿ ਲੜ ਮਰ ਜਾਵੋ ਇਸ ਲਏ ਕਦੀ ਵੀ ਅਤਵਾਦ ਖਤਮ ਨਹੀਂ ਹੋਵੇਗਾ। ਸਰਕਾਰ ਦੀ ਪ੍ਰਾਪਤੀ ਇਸ ਵਿੱਚ ਨਹੀਂ ਹੈ ਕਿ ਉਸ ਨੇ ਕਿੰਨੇ ਅਤਵਾਦੀ ਮਾਰੇ ਹਨ ਸਗੋਂ ਪ੍ਰਾਪਤੀ ਇਸ ਵਿੱਚ ਹੈ ਕਿ ਉਸ ਨੇ ਆਪਣੇ ਫੌਜੀਆਂ ਅਤੇ ਸ਼ਹਿਰੀਆਂ ਦੇ ਘੱਟ ਤੋਂ ਘੱਟ ਜਾਨ ਮਾਲ ਦੇ ਨੁਕਸਾਨ ਨਾਲ ਵੱਧ ਤੋਂ ਵੱਧ ਅਮਨ ਅਮਾਨ ਕਿਸ ਤਰ੍ਹਾਂ ਰੱਖਣਾ ਹੈ। ਇਸ ਪੱਖੋਂ ਮੋਦੀ ਸਰਕਾਰ ਪਿਛਲੀਆਂ ਸਾਰੀਆਂ ਸਾਰਕਾਰਾਂ ਨਾਲੋਂ ਫੇਲ ਸਾਬਤ ਹੋਈ ਹੈ ਕਿਉਂਕਿ ਸਰਕਾਰੀ ਅੰਕੜੇ ਹੀ ਦੱਸ ਰਹੇ ਹਨ ਕਿ ਫੌਜੀ ਤੇ ਅਰਧ ਫੌਜੀ ਸੁਰੱਖਿਆ ਕਰਮਚਾਰੀਆਂ ਤੇ ਆਮ ਨਗਰਿਕਾਂ ਦਾ ਜਾਨੀ ਮਾਲੀ ਨੁਕਸਾਨ ਪਛਲੀਆਂ ਸਾਰੀਆਂ ਸਰਕਾਰਾਂ ਦੇ ਸਮੇਂ ਨਾਲੋਂ ਕਿਤੇ ਵੱਧ ਹੈ। ਆਮ ਕਸ਼ਮੀਰੀ ਲੋਕ ਜਿਸ ਤਰ੍ਹਾਂ ਹੁਣ ਅਤਿਵਾਦੀ ਦੇ ਹੱਕ ਵਿੱਚ ਅਤੇ ਸੁਰੱਖਿਆ ਦਸਤਿਆਂ ਦੇ ਵਿਰੋਧ ਵਿੱਚ ਲਾਮਬੰਦ ਹੋ ਰਹੇ ਹਨ ਪਹਿਲਾਂ ਕਦੀ ਨਹੀਂ ਹੋਏ ਸਨ। ਇਸ਼ ਸਭ ਮੋਦੀ-ਅਮਿਤਸ਼ਾਹ ਜੋੜੀ ਦੀਆਂ ਨੀਤੀਆਂ ਕਾਰਨ ਹੀ ਹੋ ਰਿਹਾ ਹੈ। ਅਤਿਵਾਦ ਘਟਾਉਣ ਦਾ ਇੱਕੋ ਇੱਕ ਤਰੀਕਾ ਹੈ ਕਿ ਸਦਭਾਵਨਾ ਦਾ ਮਹੌਲ ਸਿਰਜ ਕੇ ਕਸ਼ਮੀਰੀਆਂ ਸਮੇਤ ਭਾਰਤ ਵਿੱਚ ਵਸਣ ਵਾਲੀਆਂ ਸਮੁੱਚੀਆਂ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਬਰਾਬਰ ਦੇ ਭਾਈਵਾਲ ਹੋਣ ਦਾ ਮਾਨ ਸਨਮਾਨ ਦਿੱਤਾ ਜਾਵੇ ਜਿਸ ਦੀ ਆਸ ਰੱਖਣੀ ਮੋਦੀ-ਅਮਿਤ ਸ਼ਾਹ ਦੀ ਜੋੜੀ ਤੋਂ ਅਸੰਭਵ ਜਾਪਦੀ ਹੈ। ਹੁਣ ਤੱਕ ਸੋਸ਼ਿਲ ਮੀਡੀਏ ਰਾਹੀਂ ਮਿਲੀ ਜਾਣਕਾਰੀ ਅਤੇ 3 ਮਾਰਚ ਦੇ ਪੰਜਾਬੀ ਟ੍ਰਿਬਿਊਨ ਦੇ ਅੰਕ ਵਿੱਚ ਸ਼੍ਰੀ ਸਵਰਾਜਬੀਰ ਵੱਲੋਂ ‘ਗ਼ੈਰ-ਜ਼ਿੰਮੇਵਾਰ ਪ੍ਰਚਾਰ’ ਸਿਰਲੇਖ ਹੇਠ ਲਿਖੀ ਸੰਪਾਦਕੀ, ਸੰਪਾਦਕੀ ਪੰਨੇ ’ਤੇ ਸ਼੍ਰੀ ਰਾਮਚੰਦਰ ਗੁਹਾ ਦਾ ਲੇਖ ‘ਦੇਸ਼ ਭਗਤੀ ਦੇ ਬਦਲਦੇ ਮਾਅਨੇ’ ਅਤੇ ਪੰਨਾ ਨੰ: 4 ਉੱਪਰ ‘ਵਿਚਲੀ ਗੱਲ’ ਨਾਮ ਦੀ ਲੇਖ ਲੜੀ ਹੇਠ ‘ਕੋਠੇ ਚੜ੍ਹ ਕੇ ਵੇਖਿਓ, ਅਸੀਂ ਖੜ੍ਹਾਂਗੇ ਕੰਧ ਬਣ ਕੇ .....’ ਪੜ੍ਹਨ ਉਪ੍ਰੰਤ ਮੇਰੇ ਸ਼ੰਕੇ ਯਕੀਨ ਵਿੱਚ ਬਦਲ ਗਏ ਕਿ ਲੋਕ ਸਭਾ ਦੀਆਂ ਚੋਣਾਂ ਨਜ਼ਦੀਕ ਹੋਣ ਕਰਕੇ ਬੇਰੁਜ਼ਗਾਰੀ, ਬੀਮਾਰੀ ਅਤੇ ਭੁੱਖਮਰੀ ਨਾਲ ਜੂਝ ਰਹੇ ਲੋਕਾਂ ਦੀਆਂ ਅਹਿਮ ਸਮੱਸਿਆਵਾਂ ਵੱਲੋਂ ਵੋਟਰਾਂ ਦਾ ਧਿਆਨ ਹਟਾਉਣ ਲਈ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਵੱਲੋਂ ਅਤਿਵਾਦ ਦੇ ਖਾਤਮੇ ਦੇ ਨਾਮ ’ਤੇ ਪਾਕਸਤਾਨ ਨਾਲ ਜੰਗ ਦਾ ਮਹੌਲ ਸਿਰਜਿਆ ਜਾ ਰਿਹਾ ਹੈ ਅਤੇ ਬਹੁ ਗਿਣਤੀ ਨੂੰ ਦੇਸ਼ ਭਗਤੀ ਦੇ ਅਖੌਤੀ ਰੰਗ ’ਚ ਰੰਗ ਕੇ ਬਹੁਗਿਣਤੀ ਵੋਟਰਾਂ ਦਾ ਆਪਣੇ ਪੱਖ ਵਿੱਚ ਧਰੁਵੀਕਰਨ ਕਰਨ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਸਤਾ ਪ੍ਰਾਪਤੀ ਦੀ ਹੋੜ ਵਿੱਚ ਦੋਵੇਂ ਗੁਆਂਢੀ ਦੇਸ਼ਾਂ ਦੇ ਵਾਸੀਆਂ ਵਿਚਕਾਰ ਅਤੇ ਆਪਣੇ ਹੀ ਦੇਸ਼ ਦੇ ਮੁਸਲਮਾਨਾਂ ਵਿਰੁੱਧ ਘੋਲੀ ਜਾ ਰਹੀ ਜ਼ਹਿਰ ਤੋਂ ਇਹ ਬਿਲਕੁਲ ਬੇਫਿਕਰ ਹਨ ਜਿਸ ਨਾਲ ਅਤਿਵਾਦ ਘਟੇਗਾ ਨਹੀਂ ਬਲਕਿ ਵਧੇਗਾ। ਪਾਕਸਤਾਨ ਤੇ ਹਿੰਦੁਸਤਾਨ ਦੋਵੇਂ ਹੀ ਐਟਮੀ ਹਥਿਆਰਾਂ ਨਾਲ ਲੈਸ ਹਨ ਇਸ ਲਈ ਜੰਗ ਦੀ ਸੂਰਤ ਵਿੱਚ ਹੋਣ ਵਾਲੇ ਨੁਕਸਾਨ ਤੋਂ ਕੋਈ ਵੀ ਨਾ-ਵਾਕਫ ਨਹੀਂ ਹੈ। ਫਿਰਕੂ ਸੋਚ ਵਾਲੇ ਆਗੂਆਂ ਦੀਆਂ ਨੀਤੀਆਂ ਕਾਰਨ ਪੰਜਾਬ ਨੇ ਪਹਿਲਾਂ ਹੀ 1947 ਦੀ ਵੰਡ ਦਾ ਸੰਤਾਪ ਭੋਗਿਆ ਹੈ। ਪੰਜਾਬ ਨੂੰ ਆਪਣੇ ਜਾਇਜ ਹੱਕਾਂ ਤੋਂ ਵਾਂਝਾ ਰੱਖ ਕੇ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਕਾਰਨ ਪੰਜਾਬ ਵਿੱਚ ਆਏ ਅਤਿਵਾਦ ਦੇ ਦੌਰ ਦੌਰਾਨ ਭੋਗੇ ਸੰਤਾਪ ਦੀਆਂ ਚੀਸਾਂ ਹੁਣ ਤੱਕ ਸੁਣਾਈ ਦੇ ਰਹੀਆਂ ਹਨ ਪਾਕ ਨਾਲ ਹਰ ਜੁਧ ਸਮੇਂ ਸਰਹੱਦੀ ਖੇਤਰ ਦੇ ਪਿੰਡਾਂ ਦੇ ਉਜਾੜੇ ਦੇ ਰੂਪ ਵਿੱਚ ਆਪਣੇ ਹੀ ਦੇਸ਼ ਵਿੱਚ ਰਿਫ਼ੂਜੀਆਂ ਦੀ ਤਰ੍ਹਾਂ ਅਣਮਿਥੇ ਸਮੇਂ ਲਈ ਟੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਲਈ ਦੇਸ਼ ਤੇ ਖਾਸ ਕਰਕੇ ਪੰਜਾਬ ਜੰਗ ਬਿਲਕੁਲ ਨਹੀਂ ਚਾਹੁੰਦਾ ਸਗੋਂ ‘ਨਾ ਕੋ ਬੈਰੀ, ਨਹੀ ਬਿਗਾਨਾ; ਸਗਲ ਸੰਗਿ ਹਮ ਕਉ ਬਨਿ ਆਈ ॥’ ਦੀ ਸਿੱਖਿਆ ’ਤੇ ਅਮਲ ਕਰਦਾ ਹੋਇਆ ਆਪਸੀ ਭਾਈਚਾਰਕ ਸਾਂਝ ਵਧਾ ਕੇ ਅਮਨ ਅਮਾਨ ਨਾਲ ਰਹਿਣਾ ਚਾਹੁੰਦਾ ਹੈ। ਇਸ ਲਈ ਨਵੇਂ ਜੁੱਧ ਦਾ ਹਰ ਪੰਜਾਬੀ ਵਿਰੋਧ ਕਰਦਾ ਹੈ।

ਮੀਡੀਏ ਨੂੰ ਲੋਕਤੰਤਰ ਦਾ ਚੌਥਾ ਥੰਮ ਕਰਕੇ ਜਾਣਿਆ ਜਾਂਦਾ ਹੈ ਜਿਸ ਨੇ ਲੋਕਾਂ ਦੀਆਂ ਸਮੱਸਿਆਵਾਂ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦੇ ਹੱਲ ਲਈ ਦਬਾਅ ਪਾਉਣਾ ਹੁੰਦਾ ਹੈ ਪਰ ਭਾਰਤੀ ਮੀਡੀਏ ਦਾ ਵੱਡਾ ਹਿੱਸਾ ਜਿਸ ਤਰ੍ਹਾਂ ਸਰਕਾਰ ਦੇ ਪ੍ਰਚਾਰਕ ਵਿੰਗ ਦੀ ਤਰ੍ਹਾਂ ਰੋਲ ਨਿਭਾ ਰਿਹਾ ਹੈ ਇਹ ਹੋਰ ਵੀ ਦੁੱਖਦਾਇਕ ਹੈ। ਪਰ ਸੁੱਖ ਦਾ ਸਾਹ ਆਇਆ ਜਦੋਂ 3 ਮਾਰਚ ਦੇ ਇਕ ਅਖਬਾਰ ਦੇ ਅੰਕ ਨੇ ਸਿੱਧ ਕਰ ਦਿੱਤਾ ਕਿ ਸਾਰੇ ਦਾ ਸਾਰਾ ਗੋਦੀ ਮੀਡੀਆ ਨਹੀਂ ਬਲਕਿ ਲੋਕਾਂ ਦੇ ਮਨਾਂ ਦੀ ਤਰਜਮਾਨੀ ਕਰਨ ਲਈ ਸੱਚੀ ਸੁੱਚੀ ਤੇ ਨਿਰਪੱਖ ਪੱਤਰਕਾਰੀ ਕਰਨ ਵਾਲੇ ਲੇਖਕ ਅਤੇ ਉਨ੍ਹਾਂ ਨੂੰ ਢੁਕਵੀਂ ਜਗ੍ਹਾ ਦੇਣ ਵਾਲੇ ਮੀਡੀਏ ਦੀ ਹੋਂਦ ਪ੍ਰਗਟਾਉਣ ਲਈ ਕੁਝ ਅੰਸ਼ ਹਾਲੀ ਬਾਕੀ ਬਚੇ ਹਨ: “ਦਾਵਾ ਅਗਨਿ, ਬਹੁਤੁ ਤ੍ਰਿਣ ਜਾਲੇ; ਕੋਈ ਹਰਿਆ ਬੂਟੁ, ਰਹਿਓ ਰੀ! ॥” ਤਿੰਨੇ ਲੇਖਾਂ ਦਾ ਇੱਕ ਇੱਕ ਸ਼ਬਦ ਆਪਣੀ ਵਿਆਖਿਆ ਆਪ ਕਰਦੇ ਮਹਿਸੂਸ ਹੋ ਰਹੇ ਹਨ; ਇਨ੍ਹਾਂ ਦੀ ਹੋਰ ਵਿਆਖਿਆ ਕਰਨ ਦੀ ਲੋੜ ਨਹੀਂ ਰਹੀ ਇਸ ਲਈ ਪੰਜਾਬੀ ਅਖਬਾਰ ਵਧਾਈ ਦਾ ਹੱਕਦਾਰ ਹੈ ਸੋ ਮੇਰੇ ਵੱਲੋਂ ਅਦਾਰਾ ਅਤੇ ਲੇਖਕਾਂ ਨੂੰ ਵਧਾਈਆਂ।

# ਮੀਡੀਆ ਦਾ ਵੱਡਾ ਹਿੱਸਾ ਸਿਧਾਂਤਾਂ ਦੇ ਉਲਟ ਕੰਮ ਕਰ ਰਿਹੈ

-ਵਿਨੀਤ ਨਾਰਾਇਣ-

40 ਸਾਲ ਪਹਿਲਾਂ ਜਦੋਂ ਅਸੀਂ ਟੀ ਵੀ ਪੱਤਰਕਾਰਤਾ ਸ਼ੁਰੂ ਕੀਤੀ ਤਾਂ ਅਸੀਂ ਕੁਝ ਮੂਲ ਸਿਧਾਂਤਾਂ ਨੂੰ ਫੜਿਆ ਸੀ। ਪਹਿਲਾ; ਬਿਨਾਂ ਸਬੂਤ ਦੇ ਕੁਝ ਵੀ ਲਿਖਣਾ ਜਾਂ ਬੋਲਣਾ ਨਹੀਂ। ਦੂਜਾ; ਕਿਸੇ ਵੱਲੋਂ ਦਿੱਤੇ ਹੋਏ ਤੱਥਾਂ ਨੂੰ ਬਿਨਾਂ ਖੁਦ ਪਰਖੇ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਕਰਨਾ। ਤੀਜਾ; ਜੇ ਕਿਸੇ ਦੇ ਵਿਰੁੱਧ ਕੋਈ ਵਿਸ਼ਾ ਉਠਾਉਣਾ ਹੈ ਤਾਂ ਉਸ ਵਿਅਕਤੀ ਦਾ ਉਨ੍ਹਾਂ ਨੁਕਤਿਆਂ 'ਤੇ ਜਵਾਬ ਜਾਂ ਬਿਆਨ ਜ਼ਰੂਰ ਲੈਣਾ। ਚੌਥਾ; ਸਾਰੇ ਸਿਆਸੀ ਦਲਾਂ ਨਾਲ ਬਰਾਬਰ ਦੂਰੀ ਬਣਾ ਕੇ ਸਿਰਫ ਜਨਤਾ ਦੇ ਹਿੱਤ 'ਚ ਗੱਲ ਕਹਿਣੀ, ਜਿਸ ਨਾਲ ਲੋਕਤੰਤਰ ਦੇ ਚੌਥਾ ਥੰਮ੍ਹ ਹੋਣ ਦੀ ਜ਼ਿੰਮੇਵਾਰੀ ਅਸੀਂ ਇਮਾਨਦਾਰੀ ਨਾਲ ਨਿਭਾਅ ਸਕੀਏ। ਅੱਜ 63 ਸਾਲ ਦੀ ਉਮਰ ਵਿੱਚ ਵੀ ਨਿਮਰਤਾ ਨਾਲ ਕਹਿ ਸਕਦਾ ਹਾਂ ਕਿ ਜਿੱਥੋਂ ਤੱਕ ਸੰਭਵ ਹੋਇਆ, ਆਪਣੀ ਪੱਤਰਕਾਰਿਤਾ ਨੂੰ ਇਨ੍ਹਾਂ ਚਾਰ ਸਿਧਾਂਤਾਂ ਦੇ ਆਲੇ-ਦੁਆਲੇ ਰੱਖਿਆ। ਇਹ ਜ਼ਰੂਰ ਹੈ ਕਿ ਇਨ੍ਹਾਂ ਦੀ ਕੀਮਤ ਜੀਵਨ ਵਿੱਚ ਚੁਕਾਉਣੀ ਪਈ, ਪਰ ਇਸ ਦੇ ਕਾਰਨ ਜੀਵਨ ਭਰ ਜੋ ਦਰਸ਼ਕਾਂ ਤੇ ਪਾਠਕਾਂ ਦਾ ਸਨਮਾਨ ਮਿਲਦਾ ਆਇਆ ਹੈ, ਉਹ ਮੇਰੇ ਲਈ ਕਿਸੇ ਪਦਮ ਭੂਸ਼ਣ ਤੋਂ ਘੱਟ ਨਹੀਂ।

ਇਹ ਜ਼ਿਕਰ ਇਸ ਲਈ ਕਰਨਾ ਪੈ ਰਿਹਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੇ ਮੀਡੀਆ ਦਾ ਜ਼ਿਆਦਾਤਰ ਹਿੱਸਾ ਇਨ੍ਹਾਂ ਸਿਧਾਂਤਾਂ ਦੇ ਉਲਟ ਕੰਮ ਕਰ ਰਿਹਾ ਹੈ। ਇੰਜ ਲੱਗਦਾ ਹੈ ਕਿ ਪੱਤਰਕਾਰਿਤਾ ਦੀਆਂ ਸਾਰੀਆਂ ਹੱਦਾਂ ਨੂੰ ਲੰਘ ਕੇ ਸਾਡੇ ਕੁਝ ਟੀ ਵੀ ਐਂਕਰ ਅਤੇ ਪੱਤਰਕਾਰ ਇੱਕ ਸਿਆਸੀ ਪਾਰਟੀ ਦੇ ਲੋਕ-ਸੰਪਰਕ ਅਧਿਕਾਰੀ ਬਣ ਗਏ ਹਨ। ਉਹ ਨਾ ਤੱਥਾਂ ਦੀ ਜਾਂਚ ਕਰਦੇ ਹਨ, ਨਾ ਵਿਵਸਥਾ ਤੋਂ ਸਵਾਲ ਕਰਦੇ ਹਨ ਅਤੇ ਨਾ ਕਿਸੇ 'ਤੇ ਦੋਸ਼ ਲਾਉਣ ਤੋਂ ਪਹਿਲਾਂ ਉਸ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦੇ ਹਨ। ਇਹੀ ਨਹੀਂ, ਅੱਜ ਕੱਲ੍ਹ ਤਾਂ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਵਾਂਗ ਉਹ ਇਹ ਕਹਿਣ ਤੋਂ ਵੀ ਨਹੀਂ ਝਿਜਕਦੇ ਕਿ ਜੋ ਮੀਡੀਆ ਕਰਮਚਾਰੀ ਜਾਂ ਨੇਤਾ ਜਾਂ ਸਮਾਜ ਦੇ ਜਾਗਰੂਕ ਲੋਕ ਉਨ੍ਹਾਂ ਦੀ ਪੋਸ਼ਕ ਸਿਆਸੀ ਪਾਰਟੀ ਦੇ ਨਾਲ ਨਹੀਂ ਖੜ੍ਹੇ, ਉਹ ਸਭ ਦੇਸ਼ ਧ੍ਰੋਹੀ ਹਨ ਅਤੇ ਜੋ ਨਾਲ ਖੜ੍ਹੇ ਹਨ, ਸਿਰਫ ਉਹੀ ਦੇਸ਼ਭਗਤ ਹਨ। ਮੀਡੀਆ ਦੇ ਪਤਨ ਦੀ ਇਹ ਸਿਖਰ ਹੈ। ਅਜਿਹੇ ਮੀਡੀਆ ਕਰਮਚਾਰੀ ਆਪਣੇ ਹੱਥਾਂ ਨਾਲ ਆਪਣੀ ਕਬਰ ਪੁੱਟ ਰਹੇ ਹਨ।

ਤਾਜ਼ਾ ਉਦਾਹਰਣ ਪੁਲਵਾਮਾ ਤੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ 'ਤੇ ਭਾਰਤ ਦੇ ਹਵਾਈ ਹਮਲੇ ਦੀ ਹੈ। ਕਿੰਨੇ ਮੀਡੀਆ ਵਾਲੇ ਸਰਕਾਰ ਤੋਂ ਇਹ ਸਵਾਲ ਪੁੱਛ ਰਹੇ ਹਨ ਕਿ ਭਾਰਤ ਦੀ ਇੰਟੈਲੀਜੈਂਸ ਬਿਊਰੋ, ਰਾਅ, ਗ੍ਰਹਿ ਮੰਤਰਾਲਾ, ਜੰਮੂ-ਕਸ਼ਮੀਰ ਪੁਲਸ, ਮਿਲਟਰੀ ਇੰਟੈਲੀਜੈਂਸ ਅਤੇ ਸੀ ਆਰ ਪੀ ਐੱਫ ਦੇ ਵੱਡੇ ਅਫਸਰਾਂ ਦੀ ਨਿਗਰਾਨੀ ਦੇ ਬਾਵਜੂਦ ਇਹ ਕਿਵੇਂ ਹੋਇਆ ਕਿ ਸਾਢੇ ਤਿੰਨ ਸੌ ਕਿਲੋ ਆਰ ਡੀ ਐਕਸ ਨਾਲ ਲੱਦੇ ਇੱਕ ਨਾਗਰਿਕ ਵਾਹਨ ਨੇ ਸੀ ਆਰ ਪੀ ਐੱਫ ਦੇ ਕਾਫਲੇ ਉਤੇ ਹਮਲਾ ਕਰ ਕੇ ਸਾਡੇ 44 ਜਾਂਬਾਜ਼ ਸਿਪਾਹੀਆਂ ਦੇ ਪਰਖਚੇ ਉਡਾ ਦਿੱਤੇ। ਵਿਚਾਰਿਆਂ ਨੂੰ ਲੜ ਕੇ ਆਪਣੀ ਬਹਾਦਰੀ ਦਿਖਾਉਣ ਦਾ ਵੀ ਮੌਕਾ ਨਹੀਂ ਮਿਲ ਸਕਿਆ। ਕਿੰਨੀਆਂ ਮਾਵਾਂ ਦੀ ਗੋਦ ਸੁੰਨੀ ਹੋ ਗਈ। ਕਿੰਨੀਆਂ ਔਰਤਾਂ ਭਰੀ ਜਵਾਨੀ ਵਿੱਚ ਵਿਧਵਾ ਹੋ ਗਈਆਂ? ਕਿੰਨੇ ਬੱਚੇ ਅਨਾਥ ਹੋ ਗਏ? ਇਨ੍ਹਾਂ ਨੂੰ ਸ਼ਹੀਦ ਦਾ ਦਰਜਾ ਵੀ ਨਹੀਂ ਮਿਲਿਆ। ਇਸ ਭਿਆਨਕ ਘਟਨਾ ਲਈ ਕੌਣ ਜ਼ਿੰਮੇਵਾਰ ਹੈ? ਸਾਡੇ ਦੇਸ਼ ਦੀ ਐੱਨ ਆਈ ਏ ਨੇ ਅੱਜ ਤੱਕ ਕੀ ਜਾਂਚ ਕੀਤੀ? ਕਿੰਨੇ ਲੋਕਾਂ ਨੂੰ ਇਸ ਦੇ ਲਈ ਫੜਿਆ?



ਇਹ ਸਭ ਤੱਥ ਜਨਤਾ ਦੇ ਸਾਹਮਣੇ ਲਿਆਉਣਾ ਮੀਡੀਆ ਦੀ ਜ਼ਿੰਮੇਵਾਰੀ ਹੈ, ਪਰ ਕੀ ਇਹ ਟੀ ਵੀ ਚੈਨਲ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ? ਜਾਂ ਰੰਗ-ਬਿਰੰਗੇ ਕੱਪੜੇ ਪਾ ਕੇ ਨੌਟੰਕੀਬਾਜ਼ਾਂ ਵਾਂਗ ਚੀਕ-ਚੀਕ ਕੇ ਜੰਗ ਦਾ ਜਨੂੰਨ ਪੈਦਾ ਕਰ ਰਹੇ ਹਨ? ਆਖਰ ਕਿਸ ਲਾਲਚ 'ਚ ਇਹ ਆਪਣੀ ਪੱਤਰਕਾਰਿਤਾ ਭੁੱਲ ਬੈਠੇ ਹਨ?

ਇਹੀ ਗੱਲ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ 'ਤੇ ਹੋਏ ਹਵਾਈ ਹਮਲੇ ਦੇ ਸੰਬੰਧ ਵਿੱਚ ਲਾਗੂ ਹੈ। ਪਹਿਲੇ ਦਿਨ ਤੋਂ ਮੀਡੀਆ ਵਾਲਿਆਂ ਨੇ ਰੌਲਾ ਪਾਇਆ ਕਿ ਸਾਢੇ ਤਿੰਨ ਸੌ ਅੱਤਵਾਦੀ ਮਾਰੇ ਗਏ। ਇਨ੍ਹਾਂ ਨੇ ਇਹ ਵੀ ਦੱਸਿਆ ਕਿ ਮਸੂਦ ਅਜ਼ਹਰ ਦੇ ਕਿਹੜੇ ਕਿਹੜੇ ਰਿਸ਼ਤੇਦਾਰ ਮਾਰੇ ਗਏ। ਇਨ੍ਹਾਂ ਨੇ ਟੀ ਵੀ ਉੱਤੇ ਹਵਾਈ ਜਹਾਜ਼ਾਂ ਤੋਂ ਡਿੱਗਦੇ ਬੰਬਾਂ ਦੇ ਵੀਡੀਓ ਵੀ ਦਿਖਾਏ, ਪਰ ਅਗਲੇ ਦਿਨ ਇਨ੍ਹਾਂ ਨੂੰ ਦੱਸਣਾ ਪਿਆ ਕਿ ਇਹ ਵੀਡੀਓ ਕਾਲਪਨਿਕ ਸੀ। ਅੱਜ ਉਸ ਘਟਨਾ ਨੂੰ ਹਫਤਾ ਹੋ ਗਿਆ। ਸਾਢੇ ਤਿੰਨ ਸੌ ਦੀ ਗੱਲ ਛੱਡੋ, ਕੀ ਸਾਢੇ ਤਿੰਨ ਲਾਸ਼ਾਂ ਦੀ ਫੋਟੋ ਵੀ ਮੀਡੀਆ ਵਾਲੇ ਦਿਖਾ ਸਕੇ, ਜਿਨ੍ਹਾਂ ਨੂੰ ਮਾਰਨ ਦਾ ਦਾਅਵਾ ਵਧ-ਚੜ੍ਹ ਕੇ ਕੀਤਾ ਗਿਆ ਸੀ? ਜਦੋਂ ਕੌਮਾਂਤਰੀ ਮੀਡੀਆ ਮੌਕੇ 'ਤੇ ਗਿਆ ਤਾਂ ਉਸ ਨੇ ਦੇਖਿਆ ਕਿ ਸਾਡੇ ਹਵਾਈ ਹਮਲੇ ਵਿੱਚ ਕੁਝ ਦਰੱਖਤ ਟੁੱਟੇ ਹਨ, ਕੁਝ ਮਕਾਨ ਢੱਠੇ ਹਨ ਅਤੇ ਇਕ ਆਦਮੀ ਦੀ ਸੁੱਤੇ ਹੋਏ ਮੌਤ ਹੋਈ ਹੈ। ਕਿਸ 'ਤੇ ਯਕੀਨ ਕਰੀਏ? ਸਾਰੇ ਦੇਸ਼ ਨੂੰ ਉਡੀਕ ਹੈ ਕਿ ਭਾਰਤੀ ਮੀਡੀਆ ਸਾਢੇ ਤਿੰਨ ਸੌ ਲਾਸ਼ਾਂ ਦੇ ਸਬੂਤ ਪੇਸ਼ ਕਰੇਗਾ, ਪਰ ਅਜੇ ਤੱਕ ਉਸ ਦੇ ਆਸਾਰ ਨਜ਼ਰ ਨਹੀਂ ਆ ਰਹੇ। ਸਬੂਤ ਦੂਰ ਦੀ ਗੱਲ, ਇਨ੍ਹਾਂ ਘਟਨਾਵਾਂ ਨਾਲ ਜੁੜੇ ਸਾਰਥਕ ਪ੍ਰਸਨ ਤੱਕ ਪੁੱਛਣ ਦੀ ਹਿੰਮਤ ਮੀਡੀਆ ਵਾਲਿਆਂ ਨੂੰ ਨਹੀਂ। ਇੰਜ ਲੱਗਦਾ ਹੈ ਕਿ ਅਸੀਂ ਖਬਰ ਨਹੀਂ ਦੇਖ ਰਹੇ, ਝੂਠ ਉਗਲਣ ਵਾਲਾ ਪ੍ਰਾਪੇਗੰਡਾ ਦੇਖਦੇ ਹਾਂ, ਜਿਸ ਨਾਲ ਪੂਰੇ ਮੀਡੀਆ ਜਗਤ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਤੀਜੀ ਘਟਨਾ ਮਥੁਰਾ ਜ਼ਿਲ੍ਹੇ ਦੀ ਹੈ। ਪਿੰਡ ਜਰੇਲੀਆ ਦਾ ਨੌਜਵਾਨ ਪੰਕਜ ਸਿੰਘ ਸ੍ਰੀਨਗਰ ਵਿੱਚ ਹੈਲੀਕਾਪਟਰ ਹਾਦਸੇ ਵਿੱਚ ਮਾਰਿਆ ਗਿਆ। ਅਸੀਂ ਸਭ ਹਜ਼ਾਰਾਂ ਦੀ ਤਦਾਦ 'ਚ ਉਸ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਉਸ ਦੇ ਪਿੰਡ ਗਏ ਤੇ ਪੰਜ ਘੰਟੇ ਤੱਕ ਉਥੇ ਰਹੇ। ਸੈਂਕੜੇ ਤਿਰੰਗੇ ਲਹਿਰਾ ਰਹੇ ਸਨ। ਹਜ਼ਾਰਾਂ ਵਾਹਨ ਕਤਾਰ ਵਿੱਚ ਖੜ੍ਹੇ ਸਨ। ਸਾਰਾ ਪ੍ਰਸ਼ਾਸਨ, ਫੌਜ ਤੇ ਪੁਲਸ ਮੌਜੂਦ ਸੀ। ਜ਼ਿਲ੍ਹੇ ਦੇ ਸਭ ਨੇਤਾ ਮੌਜੂਦ ਸਨ। ਸ਼ਹੀਦ ਦੇ ਸਨਮਾਨ 'ਚ ਆਕਸ਼ ਗੂੰਜਾਊ ਨਾਅਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਇੰਨੀ ਵੱਡੀ ਘਟਨਾ ਹੋਈ, ਪਰ ਕਿਸੇ ਮੀਡੀਆ ਚੈਨਲ ਨੇ ਇਸ ਖਬਰ ਨੂੰ ਪ੍ਰਸਾਰਤ ਨਹੀਂ ਕੀਤਾ। ਇਸ ਸਭ ਨਾਲ ਪੰਕਜ ਸਿੰਘ ਦੇ ਪਰਵਾਰ ਨੂੰ ਹੀ ਨਹੀਂ, ਲੱਖਾਂ ਬ੍ਰਿਜ ਵਾਸੀਆਂ ਨੂੰ ਵੀ ਭਾਰੀ ਗੁੱਸਾ ਹੈ। ਉਹ ਮੇਰੇ ਕੋਲੋਂ ਪੁੱਛ ਰਹੇ ਹਨ ਕਿ ਤੁਸੀਂ ਖੁਦ ਮੀਡੀਆ ਵਾਲੇ ਹੋ, ਇਹ ਦੱਸੋ ਕਿ ਵਿਅਰਥ ਦੀਆਂ ਗੱਲਾਂ 'ਤੇ ਚੀਕਣ ਵਾਲੇ ਮੀਡੀਆ ਚੈਨਲ ਇੱਕ ਸ਼ਹੀਦ ਦੇ ਅੰਤਿਮ ਸਸਕਾਰ ਦੇ ਇੰਨੇ ਵਿਸ਼ਾਲ ਪ੍ਰੋਗਰਾਮ ਦੀ ਕੀ ਇੱਕ ਝਲਕ ਵੀ ਆਪਣੇ ਚੈਨਲਾਂ ਵਿੱਚ ਨਹੀਂ ਦਿਖਾ ਸਕਦੇ ਸਨ। ਜਿਸ ਸ਼ਹਾਦਤ ਵਿੱਚ ਮੋਦੀ ਜੀ ਖੜ੍ਹੇ ਦਿਖਾਈ ਦੇਣ, ਕੀ ਉਹੀ ਖਬਰ ਹੁੰਦੀ ਹੈ? ਮੈਂ ਉਨ੍ਹਾਂ ਨੂੰ ਕੀ ਜਵਾਬ ਦੇਵਾਂ? ਸ਼ਰਮ ਨਾਲ ਸਿਰ ਝੁਕਦਾ ਹੈ ਇਨ੍ਹਾਂ ਟੀ ਵੀ ਵਾਲਿਆਂ ਦੀਆਂ ਹਰਕਤਾਂ ਦੇਖ ਕੇ। ਭਗਵਾਨ ਇਨ੍ਹਾਂ ਨੂੰ ਸੁਮੱਤ ਬਖਸ਼ੇ।

# ਚੂੜੀਆਂ ਸਲਾਮਤ ਰਹਿਣ

-ਪ੍ਰਗਟ ਸਿੰਘ ਸਤੌਜ

ਜਦੋਂ ਵੀ ਕਦੇ ਜੰਗ ਦੀ ਗੱਲ ਛਿੜਦੀ ਹੈ, ਮੇਰੇ ਅੰਦਰ ਬੈਠਾ ਬੰਦਾ ਡਰ ਨਾਲ ਕੰਬ ਜਾਂਦਾ ਹੈ। ਸੰਨ 1947 ਦੀਆਂ ਤਸਵੀਰਾਂ ਸੁਪਨਿਆਂ 'ਚ ਆਉਣ ਲੱਗਦੀਆਂ ਹਨ। ਗੁਰਦੇਵ ਰੁਪਾਣਾ ਦੀ ਕਹਾਣੀ ‘ਹਵਾ’ ਵਿਚਲੇ ਬੱਚੇ ਵਰਗੇ ਹਜ਼ਾਰਾਂ ਮਾਸੂਮ ਮੈਨੂੰ ਰੋਂਦੇ ਸੁਣਾਈ ਦੇਣ ਲੱਗਦੇ ਹਨ। ਮੇਰੇ ਵਾਂਗ ਹਜ਼ਾਰਾਂ ਮਾਵਾਂ ਦੇ, ਹਜ਼ਾਰਾਂ ਧੀਆਂ ਦੇ ਮਨਾਂ 'ਚ ਹੌਲ ਪੈਂਦੇ ਹਨ। ਡਰਾਉਣੇ ਖਿਆਲ ਆਉਂਦੇ ਹਨ। ਰੋਟੀ ਦੀ ਬੁਰਕੀ ਸੰਘ ਤੋਂ ਹੇਠਾਂ ਉਤਰਨੀ ਮੁਸ਼ਕਿਲ ਹੋ ਜਾਂਦੀ ਹੈ। ਇਹ ਸਭ ਜੰਗ ਦੇ ਪ੍ਰਭਾਵ ਹੇਠ ਆਉਣ ਵਾਲੇ ਅਤੇ ਸੰਵੇਦਨਸ਼ੀਲ ਮਨਾਂ ਨੂੰ ਬੇਚੈਨ ਕਰਦਾ ਹੈ। ਕੁਰਸੀ ਲਈ ਲਾਰਾਂ ਟਪਕਾਉਂਦੇ ਨੇਤਾਵਾਂ ਲਈ ਇਹ ਸਿਰਫ ਬਾਂਦਰ ਬਾਂਦਰੀ ਦੀ ਖੇਡ ਹੈ।

ਆਗਰੇ ਵਿੱਚ ਸਾਰਕ ਦੇਸ਼ ਦੇ ਸਾਹਿਤਕ ਪ੍ਰੋਗਰਾਮ ਵਿੱਚ ਮੈਂ ਆਪਣੇ ਪਾਕਿਸਤਾਨੀ ਦੋਸਤ ਨੂੰ ਪੈਸੇ ਦੇ ਕੇ ਕਿਹਾ ਸੀ, ‘ਇਨ੍ਹਾਂ ਪੈਸਿਆਂ ਦੀਆਂ ਚੂੜੀਆਂ ਮੇਰੀ ਭਤੀਜੀ ਵਾਸਤੇ ਲੈ ਜਾਵੀਂ।' ਘਰ ਪਹੁੰਚ ਕੇ ਉਸ ਦਾ ਫੋਨ ਆਇਆ ਸੀ, ‘ਤੇਰੇ ਪੈਸਿਆਂ ਦੀਆਂ ਮੈਂ ਬੱਚਿਆਂ ਲਈ ਚੂੜੀਆਂ ਤੇ ਸੌਗਾਤਾਂ ਲੈ ਗਿਆ ਸੀ। ਉਨ੍ਹਾਂ ਆਪਣੇ ਚਾਚੇ ਨੂੰ ਸਲਾਮ ਭੇਜੀ ਹੈ।'

ਅੱਜ ਜਦੋਂ ਜੰਗ ਦੀ ਗੱਲ ਚੱਲਦੀ ਹੈ ਤਾਂ ਮੈਨੂੰ ਉਨ੍ਹਾਂ ਚੂੜੀਆਂ ਦਾ ਚੇਤਾ ਵਾਰ-ਵਾਰ ਆ ਰਿਹਾ ਹੈ, ‘ਕਿਤੇ ਉਹ ਟੁੱਟ ਤਾਂ ਨਹੀਂ ਜਾਣਗੀਆਂ?' ਇਨ੍ਹਾਂ ਚੂੜੀਆਂ ਦੇ ਟੁੱਟਣ ਦਾ ਇਧਰ ਵੀ ਅਤੇ ਉਧਰ ਵੀ, ਸਾਰੇ ਚਾਚੇ, ਬਾਪੂਆਂ ਤੇ ਮਾਵਾਂ ਨੂੰ ਡਰ ਹੈ। ਸੁਹਾਗਣਾਂ ਸੌ-ਸੌ ਸੁੱਖਾਂ ਸੁੱਖਦੀਆਂ ਹਨ ਕਿ ਉਨ੍ਹਾਂ ਦੀਆਂ ਚੂੜੀਆਂ ਸਲਾਮਤ ਰਹਿਣ। ਜੰਗ ਨਾਲ ਚੂੜੀਆਂ ਟੁੱਟਣ ਨਾਲ ਪਿੱਛੇ ਰਹਿ ਗਿਆਂ ਉਤੇ ਦੁੱਖਾਂ ਦੇ ਪਹਾੜ ਟੁੱਟਦੇ ਹਨ। ਦਿਲ ਟੁੱਟਦੇ ਹਨ। ਉਡੀਕਾਂ ਟੁੱਟ ਜਾਂਦੀਆਂ ਹਨ। ਸਾਰਾ ਪਰਵਾਰ ਤੇ ਪੂਰਾ ਮੁਲਕ ਵੀ ਆਰਥਿਕ ਤੌਰ 'ਤੇ ਟੁੱਟ ਜਾਂਦਾ ਹੈ।

ਐਤਕੀਂ ਜਦੋਂ ਜੰਗ ਦੇ ਬੱਦਲ ਮੰਡਰਾਏ ਸਨ ਤਾਂ ਮੇਰੇ ਫੌਜੀ ਦੋਸਤ ਦੀ ਪਤਨੀ ਨੇ ਕਿਹਾ, ‘ਮੋਦੀ ਆਪਣੇ ‘ਮਨ ਕੀ ਬਾਤ’ ਤਾਂ ਕਹਿ ਦਿੰਦਾ ਹੈ, ਕਦੇ ਸਾਡੇ ‘ਮਨ ਕੀ ਬਾਤ’ ਵੀ ਸੁਣ ਲਏ।' ਉਸ ਦਾ ਡਰ 'ਚ ਘੁਲਿਆ ਇਹ ਉਲਾਂਭਾ ਚੂੜੀਆਂ ਟੁੱਟ ਜਾਣ ਦਾ ਹੀ ਸੀ ਅਤੇ ਪੂਰੇ ਪਰਵਾਰ ਦਾ ਤਰਲਾ ਵੀ। ਪਤਾ ਨਹੀਂ, ਇਹ ਤਰਲੇ ਜੰਗਾਂ ਦੇ ਲਲਕਾਰੇ ਮਾਰਨ ਵਾਲਿਆਂ ਨੂੰ ਕਿਉਂ ਨਹੀਂ ਸੁਣਦੇ?

1947 ਦੀ ਵੰਡ ਦਾ ਦੁਖਾਂਤ ਪੰਜਾਬ ਨੇ ਆਪਣੇ ਪਿੰਡੇ ਉਪਰ ਝੱਲਿਆ ਹੈ। ਭਾਰਤ ਪਾਕਿਸਤਾਨ ਦੀ ਹਰ ਜੰਗ ਦੀ ਮਾਰ ਸਭ ਤੋਂ ਵੱਧ ਪੰਜਾਬੀਆਂ ਨੂੰ ਪੈਂਦੀ ਹੈ, ਇਧਰੋਂ ਤੇ ਉਧਰੋਂ ਵੀ। ਇਕ ਵਾਰ ਸਰਹੱਦੀ ਇਲਾਕੇ ਦੇ ਪਿੰਡਾਂ ਵਿੱਚ ਗਿਆ। ਜਿਸ ਘਰ ਅਸੀਂ ਗਏ, ਉਸ ਘਰ ਦਾ ਬਜ਼ੁਰਗ ਸ਼ਾਹਮੁਖੀ ਵਿੱਚ ਲਿਖੀ ਹੀਰ ਦੀ ਪੁਰਾਣੀ ਪੋਥੀ ਅੰਦਰੋਂ ਬੜੇ ਸਤਿਕਾਰ ਨਾਲ ਆਪਣੇ ਸਿਰ ਉਪਰ ਚੁੱਕ ਕੇ ਲਿਆਇਆ। ਉਸ ਨੇ ਖਿੜੀ ਦੁਪਹਿਰ ਵਿੱਚ ਸਾਨੂੰ ਹੀਰ ਗਾ ਕੇ ਸੁਣਾਈ। ਹੀਰ ਗਾਉਂਦਾ ਉਹ ਮੈਨੂੰ ਵਾਰਿਸ ਸ਼ਾਹ ਦੇ ਪੁਰਾਣੇ ਪੰਜਾਬ ਵਿੱਚ ਲੈ ਗਿਆ। ਜਦੋਂ ਸਾਂਝੇ ਪੰਜਾਬ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਅੱਖਾਂ ਭਰ ਲਈਆਂ, ‘ਪੁੱਤਰਾ, ਸਾਡਾ ਉਧਰ ਬੜਾ ਮਿਲਵਰਤਨ ਸੀ। ਆਜ਼ਾਦੀ ਤੋਂ ਬਾਅਦ ਵੀ ਅਸੀਂ ਸਾਰੇ ਪਿੰਡਾਂ ਵਿੱਚ ਵਿਆਹ ਸ਼ਾਦੀ 'ਤੇ ਜਾਂਦੇ ਰਹੇ। ਆਹ ਲਾਗਲੇ ਪਿੰਡ ਵਿਆਹ ਸੀ, ਮੇਰੇ ਦੋਸਤ ਦੀ ਕੁੜੀ ਦਾ, ਅਸੀਂ ਉਹਨੂੰ ਦਾਜ ਦਾ ਸਾਮਾਨ ਦੇ ਕੇ ਆਏ।' ਉਸ ਨੇ ਅੱਗੇ ਦੱਸਿਆ, ‘ਮੈਂ ਰਾਤ ਪਿੰਡ ਦੇ ਬਾਹਰ ਹੀਰ ਗਾਉਂਦਾ। ਮੇਰੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੰਦੀ। ਕਈ ਪਿੰਡਾਂ ਦੇ ਲੋਕ ਮੇਰੀ ਹੀਰ ਸੁਣਨ ਆਉਂਦੇ। ਤਾਰ ਲੱਗੀ ਤਾਂ ਸਾਰਾ ਕੁਝ ਖਤਮ ਹੋ ਗਿਆ।'

ਬਾਬੇ ਦੀ ਇਸ ਟੁੱਟ ਗਈ ਸਾਂਝ ਦੇ ਦੁੱਖ ਨੂੰ ਮੈਂ ਧੁਰ ਅੰਦਰੋਂ ਮਹਿਸੂਸ ਕੀਤਾ। ਗੱਲ ਖਤਮ ਕਰਨ ਤੋਂ ਬਾਅਦ ਉਸ ਦੇ ਚਿਹਰੇ ਉਤੇ ਆਏ ਭਾਵ ਅੱਜ ਵੀ ਮੇਰੇ ਚੇਤੇ 'ਚ ਵੱਸੇ ਹੋਏ ਹਨ। ਜੰਗ ਦੀਆਂ ਗੱਲਾਂ ਜਿਥੇ ਇਨ੍ਹਾਂ ਸਾਂਝਾਂ ਨੂੰ ਤੋੜਦੀਆਂ ਹਨ, ਉਥੇ ਸਰਹੱਦੀ ਇਲਾਕਿਆਂ 'ਤੇ ਬੈਠੇ ਦੋਵੇਂ ਦੇਸ਼ਾਂ ਦੇ ਪੰਜਾਬੀਆਂ ਲਈ ਭੁੱਖ ਨੰਗ ਦਾ ਸੁਨੇਹਾ ਵੀ ਹੁੰਦੀਆਂ ਹਨ।

ਪਾਕਿਸਤਾਨ ਵਿੱਚ ਵੀ ਮੇਰੇ ਦੋਸਤ ਹਨ। ਅਸੀਂ ਜੰਗ ਦੀਆਂ ਗੱਲਾਂ ਤੋਂ ਉਦਾਸ ਹੋ ਜਾਂਦੇ ਹਾਂ। ਦੁਆ ਕਰਦੇ ਹਾਂ, ਜੰਗ ਨਾ ਲੱਗੇ। ਕੋਸ਼ਿਸ਼ਾਂ ਕਰਦੇ ਹਾਂ, ਦੋਵੇਂ ਦੇਸ਼ਾਂ ਦੀ ਕੁੜੱਤਣ ਦੂਰ ਹੋਵੇ। ਕੈਨੇਡਾ ਮਿਲੀ ਲਾਹੌਰਨ ਭੈਣ ਨੂੰ ਮੈਂ ਕਿਹਾ ਸੀ, ‘ਜੇ ਇਹ ਸੰਭਵ ਹੋ ਸਕਦਾ ਹੋਵੇ ਕਿ ਮੇਰੀ ਜਾਨ ਦੇਣ ਨਾਲ ਦੋਵੇਂ ਦੇਸ਼ ਇਕ ਹੋ ਜਾਣ ਤਾਂ ਮੈਂ ਜਾਨ ਦੇਣ ਲਈ ਪਲ ਨਾ ਲਾਵਾਂ', ਉਸ ਦੀ ਭਾਵਨਾ ਦੋਵਾਂ ਦੇਸ਼ਾਂ ਦੀਆਂ ਧੀਆਂ ਦੀਆਂ ਚੂੜੀਆਂ ਦੀ ਸਲਾਮਤੀ ਲਈ ਸੀ। ਇਸੇ ਕਰਕੇ ਅਸੀਂ ਪਹਿਲੀ ਵਾਰ ਮਿਲੇ ਵੀ ਇੰਜ ਮਿਲੇ ਸੀ ਜਿਵੇਂ ਬਚਪਨ ਤੋਂ ਇਕ ਦੂਜੇ ਨੂੰ ਜਾਣਦੇ ਹੋਈਏ। ਇਹ ਸਾਰੇ ਪੰਜਾਬੀਆਂ ਦੀ ਸਾਂਝ ਹੈ। ਇਧਰ ਸਾਡਾ ਘਰ ਹੈ ਤਾਂ ਉਧਰ ਸਾਰੇ ਪੰਜਾਬੀ ਭਰਾਵਾਂ ਦ ਘਰ ਹੈ। ਮੈਨੂੰ ਮੇਰੇ ਮਿੱਤਰ ਮੱਟ ਸੇਰੋਂ ਦਾ ਗੀਤ ਚੇਤੇ ਆ ਰਿਹਾ ਹੈ:

ਉਧਰ ਮੇਰੀ ਮਾਮੀ ਰੋਊ
ਇਧਰ ਮੇਰੀ ਮਾਂ
ਹਿੰਦ ਵਾਲਿਓ ਪਾਕਿ ਵਾਲਿਓ
ਹਾੜਾ ਓਏ ਲੜਿਓ ਨਾ..

ਅਸੀਂ ਨਹੀਂ ਚਾਹੁੰਦੇ ਕਿ ਦੁਬਾਰਾ 47 ਆਵੇ। ਅਸੀਂ ਨਹੀਂ ਚਾਹੁੰਦੇ ਕਿ ਬੰਬਾਂ ਦੀ ਫਸਲ ਬੀਜੀ ਜਾਵੇ, ਜਿਸ ਵਿੱਚੋਂ ਮੁਰਦੇ ਪੈਦਾ ਹੋਣ। ਅਸੀਂ ਫੁੱਲ ਬੀਜਣੇ ਚਾਹੁੰਦੇ ਹਾਂ, ਤਾਰ ਦੇ ਆਰ ਪਾਰ ਸੁਗੰਧੀਆਂ ਵੰਡਣ ਵਾਲੇ। ਇਹ ਫੁੱਲ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਚੂੜੀਆਂ ਨੂੰ ਸਲਾਮਤ ਰੱਖ ਸਕਦੇ ਹਨ।

## ਹਲਕਾ ਫੁਲਕਾ

ਅਧਿਆਪਕ, “ਕੱਲ੍ਹ ਹੋਮਵਰਕ ਨਾ ਕੀਤਾ ਤਾਂ ਮੁਰਗਾ ਬਣਾਵਾਂਗਾ।”
ਵਿਦਿਆਰਥੀ, “ਸਰ, ਮੁਰਗਾ ਤਾਂ ਮੈਂ ਖਾਂਦਾ ਨਹੀਂ। ਸ਼ਾਹੀ ਪਨੀਰ ਬਣਾ ਲੈਣਾ।”
ਵਿਦਿਆਰਥੀ ਵੱਲੋਂ ਇਨਾ ਕਹਿਣ ਦੀ ਦੇਰ ਸੀ ਕਿ ਦੇਹ ਥੱਪੜ 'ਤੇ ਥੱਪੜ।

*********

ਇੱਕ ਪੀੜਤ ਪਤੀ ਨੂੰ ਪੁੱਛਿਆ ਗਿਆ ਸਵਾਲ : “ਜੇ ਤੁਹਾਡੀ ਪਤਨੀ ਨੂੰ ਭੂਤ ਫੜ ਲਵੇ ਤਾਂ ਤੁਸੀਂ ਕੀ ਕਰੋਗੇ।”
ਪਤੀ, “ਮੈਂ ਕੁਝ ਕਿਉਂ ਕਰਾਂ? ਗਲਤੀ ਭੂਤ ਦੀ ਹੈ, ਉਹ ਖੁਦ ਹੀ ਭੁਗਤੇ।”

*********

ਟੀਚਰ, “ਨਦੀ ਵਿਚਕਾਰ ਨਿੰਬੂਆਂ ਦਾ ਦਰੱਖਤ ਲੱਗਾ ਹੈ, ਉਸ 'ਤੇ ਨਿੰਬੂ ਲੱਗੇ ਹਨ ਤਾਂ ਦੱਸ ਕਿਵੇਂ ਤੋੜੇਂਗਾ?”
ਵਿਦਿਆਰਥੀ, “ਸਰ, ਚਿੜੀ ਬਣ ਕੇ।”
ਟੀਚਰ, “...ਅਤੇ ਤੈਨੂੰ ਚਿੜੀ ਕੌਣ ਬਣਾਵੇਗਾ?”
ਵਿਦਿਆਰਥੀ, “ਜਿਹੜਾ ਨਦੀ ਵਿੱਚ ਦਰੱਖਤ ਲਾਏਗਾ।”

*********


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7



## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ‘ਸੇਖੇ ਪਿੰਡ ਦੀ ਫਿਰਨੀ ਤੋਂ “ਕੈਨੇਡਾ” ਤੱਕ ਦੇ ਸਫ਼ਰ ਦਾ ਸਫ਼ਲ ਪਾਂਧੀ’ ‘ਬਲਜਿੰਦਰ ਸੇਖਾ’







ਬਲਜਿੰਦਰ ਸੇਖਾ ਪੰਜਾਬੀ ਭਾਈਚਾਰੇ ’ਚ ਇੱਕ ਜਾਣੀ-ਪਹਿਚਾਣੀ ਸ਼ਖ਼ਸੀਅਤ ਹੈ। ਸਾਫ਼-ਸੁਥਰੀ ਗਾਇਕੀ ਦਾ ਗਾਇਨ ਅਤੇ ਉੱਚ-ਪੱਧਰੀ ਕਵਿਤਾਵਾਂ ਦੀ ਰਚਨਾ ਕਰਨਾ ਉਹਦਾ ਪਰਮ-ਧਰਮ ਹੈ। ਆਮ ਸਧਾਰਨ ਪੈਂਡੂ ਬੱਚਿਆਂ ਵਾਂਗ ਬਲਜਿੰਦਰ ਦਾ ਬਚਪਨ ਵੀ ਜਾਨ-ਤੋੜਵੀਂ ਜਦੋ-ਜਹਿਦ ਅਤੇ ਬੜੇ ਹੀ ਤਰਸਯੋਗ-ਹਾਲਾਤਾਂ ਵਿਚ ਦੀ ਘੱਸ-ਘੱਸ ਤੇ ਖਹਿ-ਖਹਿ ਕੇ ਲੰਘਿਆ। ਕੱਚੇ ਘਰ ਦੀਆਂ ਡਿੱਗੂ-ਡਿੱਗੂ ਕਰਦੀਆਂ ਕੰਧਾਂ ਦੇ ਨਿੱਕੇ ਜਿਹੇ ਵਿਹੜੇ ’ਚ ਉਹਨੇ ਰਿੜ੍ਹਨਾ ਤੇ ਤੁਰਨਾ ਸਿਖਿਆ। ਬਚਪਨ ਵਿੱਚ ਜਦ ਵੀ ਉਹ ਪਿੰਡ ਦੀਆਂ ਕੱਚੀਆਂ ਗ਼ਲੀਆਂ ’ਚ ਆਪਣੇ ਹਾਣੀਆਂ ਨਾਲ਼ ਬਾਂਟੇ, ਖਿਦੋ-ਖੂੰਡੀ, ਤੇ ਗੁਲੀ-ਡੰਡਾ ਵਰਗੀਆਂ ਖੇਡਾਂ ਖੇਡਦਾ ਤਾਂ ਉਹ ਕਲਾ ਦੇ ਸੁਰਾਂ ’ਚ ਹੀ ਉਹਨਾਂ ਨੂੰ ਟੋਣੇ ਅਤੇ ਨਿਸ਼ਾਨੇ ਮਾਰਦਾ। ‘ਸੇਖੇ’ ਦਾ ਜਨਮ ਸ: ਗੁਰਦੇਵ ਸਿੰਘ ਦੇ ਘਰ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਪਿੰਡ ਸੇਖਾ ਕਲਾਂ(ਜ਼ਿਲ੍ਹਾ ਮੋਗਾ) ਵਿੱਚ ਹੋਇਆ। ਇਮਾਨਦਾਰੀ ਅਤੇ ਆਗਿਆਕਾਰੀ ਦੀ ਗੁੜ੍ਹਤੀ ਉਹਨੂੰ ਆਪਣੇ ਦਾਦਾ ਸ: ਮੰਦਰ ਸਿੰਘ ਸਰਾਂ ਅਤੇ ਦਾਦੀ ਪ੍ਰਤਾਮ ਕੌਰ ਕੋਲੋਂ ਮਿਲ਼ੀ, ਜੋ ਕਿ ਨਹਾਇਤ ਹੀ

ਸ਼ਰੀਫ਼ ਅਤੇ ਦਰਵੇਸ਼ ਸੂਰਤ ਤੇ ਸੀਰਤ ਦੇ ਮਾਲਕ ਸਨ। ਉਹਦਾ ਸੁਭਾਅ ਆਪਣੇ ਆੜੀਆਂ ਨਾਲ਼ੋ ਬਿਲਕੁਲ ਵੱਖਰੀ ਕਿਸਮ ਦਾ ਭੋਲ਼ਾ-ਭਾਲ਼ਾ, ਸੰਜੀਦਾ, ਅਤੇ ਹਲੀਮੀਂ ਵਾਲ਼ਾ ਸੀ। ਕਈ ਵਾਰ ‘ਸੇਖਾ’ ਘਰਾਂ ਦੀਆਂ ਛੱਤਾਂ ਉੱਤੇ ਮੰਜਿਆਂ ’ਤੇ ਬੱਝੇ ਸਪੀਕਰਾਂ ਕੋਲ਼ ਘੰਟਿਆਂ ਬੱਧੀ ਖੜਾ ਰਹਿ ਕੇ ਉਹਨਾਂ ’ਚੋਂ ਨਿਕਲ਼ਦੀਆਂ ਰਾਗ-ਰੰਗੀ ਤੇ ਸਾਹਿਤਕ ਲਹਿਰਾਂ ਨੂੰ ਫੜਨ ਦਾ ਯਤਨ ਕਰਦਾ। ਉਹਦੇ ਬਾਲ ਮਨ ਵਿੱਚ ਅਦਭੁੱਤ-ਹਲੂਣੇ ਉਠਦੇ ਰਹਿੰਦੇ, ਛੱਪੜ ਦੇ ਕਿਨਾਰਿਆਂ ਕੋਲ਼ ਆ ਕੇ ਰੁਕਦੀਆਂ ਨਿੱਕੀਆਂ-ਨਿੱਕੀਆਂ ਗੰਧਲ਼ੀਆਂ-ਛੱਲਾਂ ਦੀਆਂ ਤਰੰਗਾਂ ਨੂੰ ਉਹ ਇੱਕ ਸੁਰ ਹੋਈਆਂ, ਤੇ ਕੁੱਝ ਮਿੱਠਾ- ਮਿੱਠਾ ਰਾਗ ਅਲਾਪ ਦੀਆਂ ਹੋਈਆਂ ਮਹਿਸੂਸ ਕਰਦਾ। ਆਥਣ ਵੇਲ਼ੇ ਸਕੂਲੋਂ ਵਾਪਿਸ ਆ ਕੇ ਉਹਨੂੰ ਪੈਲ਼ੀਆਂ ’ਚੋਂ ਘਾਹ ਖੋਤਣ, ਹੱਥੀਂ ਪੱਠੇ ਕੁਤਰਨ, ਤੇ ਛੱਪੜ ’ਚ ਮੱਝਾਂ ਨੂੰ ਨਹਾਉਣ ਲੈ ਜਾਣ ਵਰਗੇ ਹੋਰ ਛੋਟੇ-ਛੋਟੇ ਕੰਮਾਂ ਦੀ ਬੋਝਲ-ਪੰਡ ਚੁੱਕਣੀ ਪੈਂਦੀ। ਪੈਰੋਂ ਨੰਗਾ, ਪਾਟੇ, ਘੱਸੇ, ਤੇ ਮੈਲ਼ੇ ਜਿਹੇ ਲੀੜੇ ਪਹਿਨਕੇ ਵੀ ਉਹਨੂੰ ਹਮੇਸ਼ਾ ਬੇ-ਪ੍ਰਵਾਹ-ਮਸਤੀ ਦੀ ਖੁਮਾਰੀ ਚੜ੍ਹੀ ਰਹਿੰਦੀ। ਜਦ ਕਦੇ ਵੀ ਬਾਲਕ

‘ਸੇਖਾ’ ਘਰੇਲੂ-ਮੰਦਾਹਾਲੀ ਦੀਆਂ ਥੁੜਾਂ ਦੀ ਚੱਕੀ ’ਚ ਪਿਸਣ ਦੇ ਦਰਦ ਦੀ ਥੋੜੀ-ਬਾਹ਼ਲੀ ਚੀਸ ਨਾਲ਼ ਥੜਾਉਣ ਲਗਦਾ ਤਾਂ ਉਹਦੇ ਸੁਹਿਰਦ-ਸਾਥੀ “ਸਤਪਾਲ ਸੇਖਾ” ਤੇ “ਡਾ: ਰਾਜਦੁਲ-ਾਰ” ਹੋਰੀਂ ਉਹਦੇ ਢੱਠੇ-ਮਨ ਉੱਤੇ ਹੌਸਲੇ ਅਤੇ ਹੱਲਾ-ਸ਼ੇਰੀ ਦੀ ਲੋਈ ਦੇ ਦਿੰਦੇ, ਤੇ ਜਦੋਂ ਆਰਥਿਕ ਤੰਗੀਆਂ ਮੂਲ਼ੋਂ ਬਾਹ਼ਲੇ ਦੰਦ ਕਰਚਾਉਣ ਲਗਦੀਆਂ ਤਾਂ ਥੋੜਾ-ਬਾਹ਼ਲਾ ਦੁੱਖ ਘਟਾਉਣ ਲਈ ਸਲ੍ਹੀਣਿਓਂ ਨਾਨਕੇ ਵੀ ਝੱਟ ਆ ਬਹੁੜਦੇ। ਗ਼ਰੀਬ ਪ੍ਰੀਵਾਰ ’ਚ ਜੰਮੇਂ ਤੇ ਪਲ਼ੇ ਬਲਜਿੰਦਰ ਨੂੰ ਸਰਦੇ-ਵਰਦੇ ਟੱਬਰਾਂ ਦੇ ਜੁਵਾਕਾਂ ਵਰਗੀਆਂ ਸਹੂਲਤਾਂ ਅਤੇ ਮਿੱਠੇ ਲਾਡ-ਲਡਿੱਕੇ ਕਦੇ ਵੀ ਨਾ ਮਿਲ਼ੇ ਸਕੇ।

ਸੇਖੇ ਪਿੰਡੋਂ ਦਸਵੀਂ ਪਾਸ ਕਰਕੇ ਉਹਨੇ ਮੱਲਕੇ ਪਿੰਡ ਦੇ ਸਕੂਲ ’ਚੋਂ +2 ਪਾਸ ਕੀਤੀ। ਘਰੋਂ 3 ਕੁ ਕਿਲੋਮੀਟਰ ਦੀ ਦੂਰੀ ’ਤੇ ਪੈਂਦੇ ਇਸ ਸਕੂਲ ’ਚ ਪੜ੍ਹਨ ਜਾਣ ਲਈ, ਉਹਨੂੰ ਖਾਭਿਆਂ ਨਾਲ਼ ਸ਼ਰਾਬੀ ਹੋਈਆਂ ਉੱਘੜ-ਦੁੱਘੜ ਡੰਡੀਆਂ ਦੀਆਂ ਸ਼ੋਖ਼-ਅਦਾਵਾਂ ਨਾਲ਼, ਪੈਰਾਂ ਦੀਆਂ ਛਿਲੀਆਂ-ਅੱਡੀਆਂ ਦੀ ਚੀਸ ਨੂੰ ਨਸ਼ਿਅਈ ਕਰਕੇ ਤਾਲ ਮਿਲਾਉਣਾ ਪੈਂਦਾ। ਮੱਲਕਿਆਂ ਦੇ ਇਸ ਸਕੂਲ ’ਚ ਉਸ ਦਾ ਜਮਾਤੀ ਮਸ਼ਹੂਰ ਕਲਾਕਾਰ ‘ਰਾਜ ਬਰਾੜ’ ਉਹਦਾ

ਪਿਆਰਾ ਬੇਲੀ ਬਣ ਗਿਆ। ਕੁਦਰਤ ਵੱਲੋਂ ਕਲਾ ਦੀਆਂ ਕਿਲਕਾਰੀਆਂ ਮੁੱਢ ਤੋਂ ਹੀ ਉਹਦੇ ਖ਼ੂਨ ਦੇ ਜ਼ਰੇ-ਜ਼ਰੇ ’ਚ ਕੁਰਬ਼ਲ-ਕੁਰਬ਼ਲ ਕਰਦੀਆਂ 'ਹੋਲੀ' ਖੇਡਦੀਆਂ ਰਹਿੰਦੀਆਂ। ਬਲਜਿੰਦਰ ਅਤੇ ਰਾਜ ਬਰਾੜ ਜਦੋਂ ਸਕੂਲ ਦੀ ਬਾਲ ਸਭਾ ’ਚ ਮਿਲ਼ ਕੇ ਕਵਿਤਾਵਾਂ ਗਾਉਂਦੇ ਤੇ ਰੀਸਾਂ/ਨਕਲ਼ਾਂ ਲਾਉਂਦੇ ਤਾਂ ਸਾਰਾ ਸਕੂਲ ਅਤੇ ਸਟਾਫ਼ ਅਚੰਭਤ ਹੋ ਜਾਂਦਾ। ਇਸ ਗੁਣ ਨੇ ‘ਸੇਖੇ’ ਦੀ ਵਾਹ-ਵਾਹ ਨੇੜਲੇ ਗੁਆਂਡੀ ਪਿੰਡਾਂ ਦੀਆਂ ਸੱਥਾਂ ਤੱਕ ਜਾ ਫੈਲਾਈ। ਗ਼ਰੀਬੀ ਦੀ ਧੁਦਲ਼ ’ਚ ਧੁੱਸੇ ਇਸ ਹੀਰੇ ਨੂੰ ਸਮੇਂ ਨੇ ਹੌਲ਼ੀ-ਹੌਲ਼ੀ ਫੂਕਾਂ ਮਾਰ-ਮਾਰ ਕੇ ਤਰਾਸ਼ਣਾ ਤੇ ਚਮਕਾਉਣਾ ਸ਼ੁਰੂ ਕਰ ਦਿੱਤਾ। ਰੋਟੀ-ਰੋਜ਼ੀ ਦੀ ਤਲਾਸ਼ ’ਚ ਉਹਨੂੰ ਲੁਧਿਆਣੇ ਦੇ ਕਈ ਕਾਰਖਾਨਿਆਂ ਅਤੇ ਹੌਜ਼ਰੀ ਦੀਆਂ ਅੜਬ, ਬਜ਼ੁਰਗ- ਮਸ਼ੀਨਾਂ ਨਾਲ਼ ਸ਼ਰਮਾਕਲ਼-ਆੜੀ ਪਾਉਣੀ ਪਈ। ਇੱਥੇ ਉਹਨੂੰ ਯੂ ਪੀ ਤੇ ਬਿਹਾਰ ’ਚੋਂ ਆਏ 12 ਨਾ-ਵਾਕਿਫ਼

ਕਾਮਿਆਂ ਨਾਲ਼ ਬੁੱਢੇ ਨਾਲ਼ੇ ਦੇ ਕੋਲ਼ ਇੱਕ ਕਮਰੇ ’ਚ ਕਈ ਮਹੀਨੇ ਮਜਬੂਰਨ ਰਹਿਣਾ ਵੀ ਪਿਆ। ਮਾਪਿਆਂ ’ਤੇ ਬੋਝ ਨਾ ਬਣਨ ਦੇ ਜਜ਼ਬੇ ਤਹਿਤ ਬਲਜਿੰਦਰ ਨੇ ਗ਼ਰੀਬੀ ਦੇ ਦੈਂਤ ਨੂੰ ਜਫੋ-ਜੱਫੀ ਹੋ ਕੇ ਢਾਹੁਣ ਲਈ ਕਿਸੇ ਵੀ ਤਰਾਂ ਦੇ ਕੰਮ ਕਰਨ ਤੋਂ ਕਦੇ ਵੀ ਕੰਨੀ ਨਾ ਕਤਰਾਈ। ਇੱਥੇ ਵੀ ਕਿਸਮਤ ਅਤੇ ਹਾਲਾਤ ਤਸੱਲੀ ਦੀਆਂ ਲੋਰੀਆਂ ਨਾ ਦੇ ਸਕੇ ਤੇ ਉਹ ਮਾਯੂਸ ਹੋ ਗਿਆ! ਅੰਤ, ਫਿਰ ਉਹਨੇ ਵਾਪਿਸ ਆਪਣੇ ਜੱਦੀ ਸ਼ਹਿਰ ਮੋਗੇ ਰਹਿੰਦੇ ਨਾਨਕੇ ਘਰ ਦਾ ਜਾ ਕੁੰਡਾ ਖੜਕਾਇਆ। ਇੱਥੇ, ਕਿਸੇ ਜਾਣਕਾਰ ਨੇ ਉਹਨੂੰ ਇੱਕ ਖੋਖੇ ’ਚ ਕੰਮ ’ਤੇ ਲੁਆ ਦਿੱਤਾ। ਉਸ ਖਿਝੇ-ਖਿਝੇ ਰਹਿੰਦੇ ਕਰੜ-ਬਰੜ ਜਿਹੀ ਦਾਹੜੀ ਵਾਲ਼ੇ ਕੁ-ਲੱਕੜ, ਕੁ-ਧੁੱਤੜ, ਧੱਕੜ, ਅੱਤੜ ਅਤੇ ਬੁਚੜ ਜਿਹੇ ਸੁਭਾਅ ਵਾਲ਼ੇ ਬੰਦੇ ਨਾਲ਼ ਉਹ ਬਾਹ਼ਲਾ ਚਿਰ ਕੱਟ ਨਾ ਸਕਿਆ। ਫਿਰ ਉਹਨੂੰ ਇੱਕ ਕਪੜੇ ਵੇਚਣ ਵਾਲ਼ੀ ਦੁਕਾਨ ’ਤੇ ਕੰਮ ਮਿਲ਼ ਗਿਆ। ਇੱਥੇ ਬਲਜਿੰਦਰ ਨੇ 1986 ਤੋਂ 88 ਤੱਕ ਤਕਰੀਬਨ ਦੋ ਕੁ ਸਾਲ ਬੜੀ ਲਗਨ ਨਾਲ਼ ਕੰਮ ਕੀਤਾ। ਹਰ ਵੇਲ਼ੇ ਖਊਂ-ਖਊਂ, ਮਰੂੰ-ਮਰੂੰ ਕਰਦੇ ਇਸ ਕੱਬੇ-ਸੇਠ ਵੱਲੋਂ ਲੋਹੇ ਦੇ ਜ਼ੰਗਾਲੇ-ਗ਼ਜ਼ ਨੂੰ ਘੁਮਾ ਕੇ ਦਿੱਤੇ ਜਾਂਦੇ ਹਿਟਲਰੀ-ਇਸ਼ਾਰਿਆਂ ਨੂੰ ਚੰਗੀ ਤਰਾਂ ਸਮਝਕੇ, ਦੁਕਾਨ ’ਚ ਬਣੇ ਲੱਕੜ ਦੇ ਖਾਨਿਆਂ ’ਚੋਂ ਥਾਨ ਲਾਹ-ਲਾਹ ਕੇ ਜ਼ਨਾਨਾਂ/ਮਰਦਾਨਾਂ ਗਾਹਕਾਂ ਮੂਹਰੇ ਵਗਾਹ-ਵਗਾਹ ਕੇ ਕਿਵੇਂ ਸੁਟਣੇ ਹਨ, ਇਹ ਘਿਚਾਨੀ ਦੇਊ-ਮੁਹ-ਾਰਤ ਉਹਨੇ ਛੇਤੀ ਹੀ ਕੰਠ ਕਰ ਲਈ। ਮਾਲਕ ਉਹਨੂੰ

ਹਮੇਸ਼ਾ ਭਿਜਾਈ ਫਿਰਦਾ, ਅਤੇ ਕਦੇ ਔਹ ਕਰ ਤੇ ਕਦੇ ਆਹ ਕਰ ਦੀਆਂ ਅਕਾਊ-ਹਦਾਇਤਾਂ ਨਾਲ਼ ਹਰ ਵੇਲ਼ੇ

ਊਰੀ ਵਾਂਗ ਘੁਮਾਈ ਰਖਦਾ। ਗਾਹਕਾਂ ਲਈ ਚਾਹ ਵਾਲ਼ੇ ਖੋਖੇ ’ਤੋਂ ਲੋਹੇ ਦੀਆਂ ਪਤਲੀਆਂ-ਪਤਲੀਆਂ ਤਾਰਾਂ ਦੇ ਬਣੇ

ਘਸਮੈਲ਼ੇ ਜਿਹੇ ਛਕੰਜੇ ’ਚ ਚਾਹ ਦੇ ਗਲਾਸ ਲਿਆਉਣਾ ਵੀ ਉਹਦੀ ਨੌਕਰੀ ਦੇ ਹਿੱਸੇ ’ਚ ਸ਼ਾਮਲ ਸੀ। ਉਹਨੇ ਪੋਚੇ ਲਾਏ ਤੇ ਹੋਰ ਬਹੁਤ ਸਾਰੇ ਸਖ਼ਤ ਕੰਮ ਵੀ ਕੀਤੇ, ਪਰ ਖਚਰੀ-ਗ਼ਰੀਬੀ ਨੇ ਬਲਜਿੰ-ਦਰ ਨਾਲ਼ ਸਿਰੇ ਦੀ ਏਨੀ ਗੂੜੀ

ਛ਼ਲੀਆ-ਲਿਹਾਜ਼ ਗੰਢ ਲਈ ਕਿ ਉਹਨੇ ਅੜੀਅਲ ਬਣਕੇ ‘ਸੇਖੇ’ ਨੂੰ ਆਪਣੀ ਬੁੱਕਲ਼ ਦੇ ਅਲ਼ਕਤੀ-ਨਿਘਾਸ ’ਚੋਂ ਕਦੇ ਵੀ ਨਿਕਲਣ ਨਾ ਦਿੱਤਾ। ਨਾਨਕੇ ਘਰ ’ਚ ਵੀ ਗ਼ਰੀਬੀ ਨੇ ਜਾਲ਼ ਵਿਛਾਇਆ ਹੋਇਆ ਸੀ, ਤੇ ਇਸ ਵਿਹੜੇ ’ਚ ਵੀ ਆਰਥਿਕ ਤੰਗੀ ਕਾਰਨ ਉਹਨੂੰ ਬਹੁਤੀ ਵਾਰ ਫਾਕਿਆਂ ਨਾਲ਼ ਘੁਲਣਾ ਪਿਆ। ਕਈ ਵਾਰ ਭੁੱਖ ਲਗਣ ’ਤੇ ਉਹ ਰੇਹੜੀ ’ਤੋਂ ਗ਼ਲੇ-ਸੜੇ ਫ਼ਲ਼ ਲੈ ਕੇ ਵਕ਼ਤ ਟਪਾ ਲੈਂਦਾ। ਉਹ ਜੋ ਕੁੱਝ ਲੋਚਦਾ, ਚਾਹੁੰਦਾ ਤੇ ਤਸੱਵਰ ਕਰਦਾ ਉਹ ਉਹਦੇ ਹੱਥ ਪੱਲੇ ਨਾ ਪੈਂਦਾ।

ਨਾਨੇ-ਨਾਨੀ ਦੀ ਇਸ ਨਗਰੀ ’ਚ ਵੀ ਉਹਦਾ ਕਲਾਕਾਰੀ-ਮਨ ਨਾ ਹੀ ਖੁੱਭਿਆ ਤੇ ਨਾ ਹੀ ਟਿੱਕਿਆ। ਉਹ ਚੁੱਪ ਹੋ ਜਾਂਦਾ, ਕੁਝ ਨਵਾਂ ਕਰਨ ਦੀ ਤੜਪ ਦੇ ਸੁਪਨਿਆਂ ’ਚ ਗੁਆਚ ਜਾਂਦਾ, ਹਾਲਾਤ ਉਹਦੀ ਪੇਸ਼ ਨਾ ਜਾਣ ਦਿੰਦੇ, ਤੇ ਨਿਰਾ-ਸਤਾ ਉਹਦੇ ਕੋਮਲ-ਜਜ਼ਬਿਆਂ ’ਤੇ ਝੋਰੇ ਦੀਆਂ ਚੂੰਡੀਆਂ ਵੱਢਦੀ ਰਹਿੰਦੀ। ਮੋਗੇ ਦੇ ਮੁਕਾਮ ਦੌਰਾਨ ਬੋਝਲ-ਵਕ਼ਤ ਨਾਲ਼ ਦਸਤ-ਪੰਜਾ ਲੜਾਉਂਦਿਆਂ ਅਤੇ ਦੁਸ਼ਵਾਰੀਆਂ ਨਾਲ਼ ਖਹਿਬੜਦਿਆਂ ਉਹ ਹੇਰਵੇ ਦੇ ਵਾਅ-ਵਰੋਲ਼ਿਆਂ ’ਚ ਘਿਰ ਗਿਆ ਤੇ ਤਕ਼ਦੀਰ ਉਹਨੂੰ ਫਿਰ “ਸੇਖੇ ਪਿੰਡ” ਦੇ ਕੱਚੇ-ਕੋਠੇ ਦੀ ਵਲਗਣ ’ਚ ਲੈ ਆਈ।

ਕਿਉਂਕਿ, ਰਾਜ ਬਰਾੜ ਨਾਲ਼ ਮੱਲਕੇ ਪਿੰਡ ਪੜ੍ਹਦਿਆਂ ਉਸਦੀ ਮੁਹੱਬਤ ਨੇ ਵਫ਼ਾਦਾਰੀ-ਗੁਲਕੰਦ ਦੀਆਂ ਸਾਰੀਆਂ ਮਟੀਆਂ ਭਰ ਲਈਆਂ ਸਨ, ਤੇ ਰਾਜ ਨੇ ਬਲਜਿੰਦਰ ਦੇ ਇਸ ਅਣੋਖੇ-ਗੁਣ ਨੂੰ ਪਹਿਚਾਣ ਵੀ ਲਿਆ ਸੀ, ਇਸ ਕਰਕੇ 'ਬਰਾੜ' ਨੇ ਬਲਜਿੰ-ਦਰ ਨਾਲ਼ ਮਿਲ਼ ਕੇ ਇੱਕ ਕਾਮਿਡੀ ਆਡਿਓ ਕੈਸਿਟ “ਛਿੱਤਰੋ-ਛਿੱਤਰੀ” ਤਿਆਰ ਕੀਤੀ।

ਇਸ ਕੈਸਿਟ ਵਿੱਚ ‘ਸੇਖੇ’ ਨੇ ਬੜੀ ਹੀ ਧੜੱਲੇਦਾਰ-ਅਦਾਕਾਰੀ ਦਾ ਜਲਵਾ ਦਿਖਾਇਆ। ਲੋਕਾਂ ਨੇ ਉਸਨੂੰ ਬੜਾ ਹੀ ਜ਼ਿਆਦਾ ਪਸੰਦ ਕੀਤਾ। ਇਸ ਟੇਪ ਦੀ ਚੜ੍ਹਤ ਨੇ 'ਸੇਖੇ' ਦੀ ਕੁੱਝ ਮਹੀਨਿਆਂ ’ਚ ਹੀ ਹਰ ਪਾਸੇ ਬੱਲੇ-ਬੱਲੇ ਕਰਵਾ ਦਿੱਤੀ ਤੇ ਇਹ ਸੁਨਿਹਰੀ ਮੌਕਾ ਉਹਦੇ ਲਈ ਜ਼ਿੰਦਗੀ ਦਾ ਇੱਕ ਮਹੱਤਵ-ਪੂਰਨ ਮੋੜ ਅਤੇ ਵਰਦਾਨ ਬਣ ਗਿਆ। ਕੈਸਿਟ ਏਨੀ ਜ਼ਿਆਦਾ ਚੱਲੀ ਕਿ ਮਾਲਵੇ ਇਲਾਕੇ ਦੇ ਲੋਕ ਆਪਣੇ ਪ੍ਰੋਗਰਾਮਾਂ ’ਚ ਬਲਜਿੰਦਰ ਨੂੰ ਸ਼ਿਰਕਤ ਕਰਨ ਲਈ ਸਦਣ ਲੱਗ ਪਏ। ਦਿਨਾਂ ’ਚ ਹੀ ਉਹ ਲੋਕਾਂ ਦਾ ਹਰਮਨ-ਪਿਆਰਾ ਅਦਾਕਾਰ ਤੇ ਕਲਾਕਾਰ ਬਣ ਗਿਆ।

ਉਹਦੇ ਮਜ਼ਾਹੀਆ-ਹੁਨਰ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਵੇਲ਼ਿਆਂ ਦੇ ਬਹੁਤ ਸਾਰੇ ਨਾਮੀਂ ਗਵੱਈਆਂ, ਖਾਸ ਕਰਕੇ ਨਿਰਮਲ ਸਿੱਧੂ ਅਤੇ ਬਲਕਾਰ ਸਿੱਧੂ ਵਰਗੇ ਉੱਘੇ ਕਲਾਕਾਰਾਂ ਨੇ ਉਹਨੂੰ ਆਪਣੇ ਨਾਲ਼ ਲੈ ਜਾਣਾ ਸ਼ੁਰੂ ਕਰ ਦਿੱਤਾ।

ਉਹ 'ਸੇਖੇ' ਨੂੰ ਇੱਕ ਪ੍ਰੋਗਰਾਮ ਦਾ 200 ਰੁਪੈ ਦਿੰਦੇ। ‘ਬਲਜਿੰ-ਜੰਦਰ’ ਨੇ ਇਹਨਾਂ ਗਵੱਈਆਂ ਨੂੰ ਤਿੰਨ ਕੁ ਸਾਲ ਦਾ ਪੂਰਾ ਜੋਬਨ-ਮੱਤਾ ਸਾਥ ਦਿੱਤਾ। ਇਸ ਦੇ ਨਾਲ਼-ਨਾਲ਼ ਚਰਨਜੀਤ ਸਲ੍ਹੀਣਾ, ਜੋ ਖੁਦ ਵੀ ਗਾਉਂਦਾ ਸੀ, ਨੇ ‘ਸੇਖੇ’ ਦੇ ਸ਼ੌਕੀ-ਪਤੰਗ ਨੂੰ ਨਾਂ ਤਾਂ ਕਦੇ ਝੋਲਾ ਵੱਜਣ ਦਿੱਤਾ, ਤੇ ਨਾਂ ਹੀ ਉਹਦੇ ਜੋਸ਼ ਨੂੰ ਮੱਠਾ ਪੈਣ ਦਿੱਤਾ। ਹੁਣ ਸੇਖਾ ਅੰਦਰੋ-ਅੰਦਰੀ ਬੜਾ ਖੁਸ਼ ਰਹਿਣ ਅਤੇ ਉਡੂੰ-ਉਡੂੰ ਕਰਦਾ ਮਹਿਸੂਸ ਕਰਨ ਲੱਗ ਪਿਆ। ਜਦੋਂ ਬਲਜਿੰਦਰ ਦੀ ਬੱਲੇ-ਬੱਲੇ ਦੀ ਚਰਚਾ ਨੇ ਰਾਜ ਬਰਾੜ ਦੇ ਦਰਵਾਜ਼ੇ ’ਤੇ ਦਸਤਕ ਦਿੱਤੀ ਤਾਂ ਉਹ ਸੇਖੇ ਨੂੰ ਚੰਡੀਗੜ੍ਹ ਲੈ ਆਇਆ। ‘ਰਾਜ’ ਦੀ ਕੈਸਿਟ “ਸਾਡੇ ਵਾਰੀ ਰੰਗ ਮੁੱਕਿਆ” ਵਿੱਚ ਬਲਜਿੰਦਰ ਨੇ ਪਿੱਛੇ ਰਹਿ ਕੇ, ਨਿਰ-ਸੁਆਰਥ ਹੋ ਕੇ ਅਜਿਹਾ ਪੁਖਤਾ-ਇੰਤਜ਼ਾਮ ਅਤੇ ਉੱਚਿਤ-ਦੇਖਭਾਲ ਕੀਤੀ ਕਿ ਇਸ ਉਦੇਸ਼ ਵਿੱਚ ਰਾਜ ਬਰਾੜ ਨੂੰ ਕਮਾਲ ਦੀ ਸਫ਼ਲਤਾ ਮਿਲ਼ੀ। ਕੈਸਿਟ ਲੋਹੜਿਆਂ ਦੀ ਹਿੱਟ ਹੋ ਗਈ। ਬਲਜਿੰ-ਦਰ ਕੋਲੋਂ ਚਾਅ ਨਾ ਚੁੱਕੇ ਗਏ। ਇਸ ਤੋਂ ਬਾਅਦ ਚੱਲ ਸੋ ਚੱਲ ਦਾ ਸਿਲਸਲਾ ਅਜਿਹੀਆਂ ਪੁਲਾਘਾਂ ਪੁਟਣ ਲੱਗਿਆ ਕਿ ਪੂਰੇ ਢਾਈ ਸਾਲ ਬਲਜਿੰਦਰ ਅਤੇ ਰਾਜ ਬਰਾੜ ਇੱਕ ਦੂਜੇ ਦੀ ਅਨੂਠੀ ਤੇ ਸੰਗੀਤਕ-ਸੰਗਤ ਦਾ ਮਾਣ-ਮੱਤਾ ਨਿਘਾਸ ਮਾਣ ਦੇ ਰਹੇ।

ਚੰਡੀਗੜ੍ਹ ਰਹਿੰਦਿਆਂ ਮੁਲਾਕਾਤਾਂ ਦੇ ਝਰਨੇ ਫੁਟਣ ਲੱਗ ਪਏ ਅਤੇ ਜਾਣ-ਪਹਿਚਾਣ ਦੀ ਕਿਆਰੀ ’ਚ ਅਦਬੀ ਫੁਲਾਂ ਨੇ ਖਿੜਨਾ ਤੇ ਟਹਿਕਣਾ ਸ਼ੁਰੂ ਕਰ ਦਿੱਤਾ। ਇਉਂ, ਸੇਖੇ ਦੀ ਵਾਕ਼ਫੀਅਤ ਬਹੁਤ ਸਾਰੇ ਨਾਮੀਂ ਕਲਾਕਾਰਾਂ ਨਾਲ਼ ਹੋ ਗਈ, ਤੇ ਉਹ ਉਹਨਾਂ ’ਚ ਚੰਗੀ ਤਰਾਂ ਰਚ-ਮਿੱਚ ਗਿਆ। ਇਹ ਹੀ ਤਾਂ ਸੇਖੇ ਦੀ ਰੂਹ ਦੀ ਅਸਲ ਖੁਰਾਕ ਸੀ ਜਿਸ ਦੀ ਤਾਲਾਸ਼ ’ਚ ਉਹ ਜਗਿਆਸੂ ਬਣ ਕੇ ਦਰ-ਦਰ ਦੀਆਂ ਠੋਕਰਾਂ ਖਾ ਕੇ ਮੌਜੀ-ਲਹਿਜ਼ੇ ’ਚ ਰਹਿਣਾ ਵੀ ਗਿੱਝ ਗਿਆ ਸੀ। ਸੰਗੀਤ, ਸਾਜ਼ ਅਤੇ ਗਵਾਇਸ਼ ਉਸ ਦਾ ਪਿਆਰਾ ਸ਼ੌਕ ਬਣ ਗਏ। ਇਸੇ ਲਈ ਉਹ ਸੁਰੀਲੇ ਸਾਜ਼, ਕਲਾ ’ਚ ਗੜੁੱਚ, ਸੁਰ-ਤਾਲ ’ਚ ਭਿੱਜੀਆਂ ਆਵਾਜ਼ਾਂ, ਅਤੇ ਮਨ ਨੂੰ ਹਲੂਣਾ ਦੇਣ ਵਾਲ਼ੇ ਇਖ਼ਲਾਕੀ ਪੱਧਰ ਦੇ ਸਭਿੱਅਕ ਲਿਖੇ ਗੀਤਾਂ ਦੇ ਬੋਲਾਂ ਨੂੰ ਸੁਣ ਕੇ ਖੀਵਾ ਹੋ ਜਾਂਦਾ। ਇਹੀ ਕਾਰਨ ਹੈ ਕਿ ਗਵਾਇਸ਼ ਅਤੇ ਸ਼ਾਇਰੀ ਲਿਖਣ ਤੋਂ ਬਿਨਾਂ ਉਹਦੀ ਅਦਬੀ-ਰੰਗ ’ਚ ਰੰਗੀ ਰੂਹ ’ਤੇ ਕੋਈ ਹੋਰ ਰੰਗ ਚੜ੍ਹ ਹੀ ਨਹੀਂ ਸਕਿਆ। ਬਾਬੂ ਰਾਜਿਬ ਅਲੀ ਦੇ ਲਿਖੇ ਛੰਦ ਨੂੰ ‘ਕਵੀਸ਼ਰੀ’ ਦੇ ਨਵੇਂ ਅੰਦਾਜ਼ ’ਚ ਪੇਸ਼ ਕਰਕੇ ‘ਸੇਖੇ’ ਨੇ ਸਾਡੇ ਅਮੀਰ, ਗੌਰਵਮਈ ਅਤੇ ਨਰੋਏ ਵਿਰਸੇ ਦੀ ਇਸ ਸੁਗਾਤ ਰੂਪੀ ਅਮਰ ਰਚਨਾ ਨੂੰ ਗੁਣ-ਗਣਾ ਕੇ ਖੂਬ ਚਮਕਾਇਆ ਹੈ। ਇਸ ਵਿਡੀਓ ਨੇ ਬਲਜਿੰਦਰ ਦੀ ਚਹੁੰ-ਕੂਟੀਂ ਧਾਂਕ ਬਿਠਾ ਦਿੱਤੀ ਹੈ। ਸੰਸਾਰ ਦੇ ਹਰ ਕੋਨੇਂ ’ਚ ਵੱਸਦੇ ਪੰਜਾਬੀਆਂ ਨੇ ਉਸਦੀ ਵੱਖਰੇ ਤੇ ਪਿਆਰੇ ਅੰਦਾਜ਼ ’ਚ ਗਾਈ ਇਸ ਕਵੀਸ਼ਰੀ ਨੂੰ ਲੋਹੜਿਆਂ ਦਾ ਪਸੰਦ ਕੀਤਾ ਹੈ। ਵਿਦਿਆ ਪੱਖੋਂ ਵੀ ਬਲਜਿੰਦਰ ਨੇ ਕਈ ਹਿੰਮਤੀ ਪੁਲਾਘਾਂ ਪੁਟੀਆਂ। ਗਾਇਕੀ ਦੇ ਨਾਲ਼-ਨਾਲ਼ ਉਹਨੇ ਪੰਜਾਬੀ ਯੂਨਿਵਰਸਟੀ ਤੋਂ ਲਾਇਬਰੇਰੀ ਸਾਇੰਸ ਦਾ ਡਿਪਲੋਮਾਂ ਵੀ ਕਰ ਲਿਆ।

ਕੁਦਰਤ ਨੂੰ ਕੁੱਝ ਹੋਰ ਹੀ ਭਾਉਂਦਾ ਸੀ ਅਤੇ ਦਾਣਾ ਪਾਣੀ ਉਹਨੂੰ ਚੋਗ-ਚੁਗਣ ਲਈ ਸੱਤ-ਸਮੁੰਦਰੋਂ ਪਾਰ ਬੁਲਾਅ ਰਿਹਾ ਸੀ। ਚੰਡੀਗੜ੍ਹ ਰਹਿਣ ਦੇ ਦਿਨਾਂ ’ਚ ਤਾਏ ਦਾ ਮੁੰਡਾ ਹਰਪ੍ਰੀਤ ਵੈਨਕੂਵਰ ਤੋਂ ਪੰਜਾਬ ਮਿਲਣ-ਗਿਲਣ ਲਈ ਆਇਆ। ਉਹਨੇ ਆਪਣੀ ਪਤਨੀ ਦੀ ਛੋਟੀ ਭੈਣ ਦਾ ਰਿਸ਼ਤਾ ਬਲਜਿੰਦਰ ਨੂੰ ਕਰਵਾ ਦਿੱਤਾ। ਇਉਂ, 'ਸੇਖੇ' ਨੇ ਈਸਵੀ 2000 ’ਚ ਕੈਨੇਡਾ ਆ ਪੈਰ ਪਾਏ। ਕੈਨੇਡਾ ਆ ਕੇ ਉਹਨੂੰ ਜ਼ਿੰਦਗੀ ਫਿਰ ‘ਊੜਾ-ਐੜਾ’ ਤੋਂ ਸ਼ੁਰੂ ਕਰਨੀ ਪਈ। ਸਖ਼ਤ ਮਿਹਨਤ ਦੀ ਭੱਠੀ ਦਾ ਦੋਬਾਰਾ ਫਿਰ ਬਾਲਣ ਬਣਨਾ ਪਿਆ, ਤੇ ਫ਼ਰਨੀਚਰ ਦੀ ਕੰਪਨੀ ਵਿੱਚ ਲੋਡਿੰਗ, ਅਨ-ਲੋਡਿੰਗ ਦੇ ਭਾਰੀ ਕੰਮਾਂ ਨਾਲ਼ ਕਬੱਡੀ ਵੀ ਖੇਡਣੀ ਪਈ। ਪਰ, ਬਲਜਿੰ-ਜੰਦਰ ਅੰਦਰ ਦੜ ਵੱਟੀ ਬੈਠੇ ਸਾਹਿਤਕ ਅਤੇ ਕਲਾਕਾਰੀ ਜੁਗਨੂੰ ਵੀ ਨਾਲ਼ ਦੀ ਨਾਲ਼ ਟਪੂਸੀਆਂ ਮਾਰ ਕੇ ਟਿੰਮਕਣ ਲਗ ਪਏ।

ਉਸਾਰੂ ਗਤੀ-ਵਿੱਧੀਆਂ ਦੀਆਂ ਮੋਮਬੱਤੀਆਂ ਦਾ ਚਾਨਣ ਖਿਲਾਰਨ ਲਈ, ਸੇਖੇ ਨੇ ਆਪਣੀ ਦਿਲਚਸਪੀ ਦੀ ਬੱਕੀ ਨੂੰ ਮੁੜ ਸ਼ਿੰਗਾਰ ਲਿਆ, ਤੇ ਉਹ ਸਥਾਨਿਕ ਰੇਡਿਓ, ਟੀਵੀ, ਅਤੇ ਹੋਰ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਆਪਣੀ ਕਲਾ ਦੇ ਨਵੇਕਲੇ ਜੌਹਰ ਦਿਖਾਉਣ ਲਈ ਹਿੱਸਾ ਲੈਣ ਲੱਗ ਪਿਆ। ਛੇਤੀ ਹੀ ਟੋਰਾਂਟੇ ਦੇ ਇਰਦ-ਗਿਰਦ ਦੇ ਇਲਾਕਿਆਂ ’ਚ ਬਲਜਿੰਦਰ ਦੇ ਹਸਾਉਣੇ-ਪਾਤਰ ਦੀ ਪ੍ਰਸ਼ੰਸਾ ਸਿਖਰਾਂ ’ਤੇ ਚਮਕਣ ਲੱਗ ਪਈ। ਮੱਲਕਿਆ ਵਾਲ਼ੇ ‘ਬਾਈ ਬਾਘੇ ਬਰਾੜ’ ਨੇ ਬਲਜਿੰ-ਦਰ ਦੀ ਜਾਣ-ਪਹਿਚਾਣ ਮਸ਼ਹੂਰ ਕਾਮਿਡੀ ਕਿੰਗ ‘ਲਖਵਿੰਦਰ ਸੰਧੂ ’’ਭੰਡ’’ ਨਾਲ਼ ਕਰਵਾ ਦਿੱਤੀ। ਦੋਹਾਂ ਦੀ ਮਜ਼ਾਹੀਆਂ-ਜੋੜੀ ਨੇ ਕੈਨੇਡਾ ਵਿੱਚ ਕਮਾਲਾਂ ਹੀ ਕਰ ਦਿੱਤੀਆਂ। ਦੂਰ-ਦੁਰ-ਾੜੇ ਦੇ ਲੋਕ ਵਿਆਹਾਂ, ਸ਼ਾਦੀਆਂ, ਕਲੱਬਾਂ, ਮੇਲਿਆਂ, ਪਾਰਟੀਆਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਇਹਨਾਂ ਦੀਆਂ ਹਾਸਿਆਂ ਨਾਲ਼ ਭਰਪੂਰ, ਤੇ ਉੱਚ-ਪੱਧਰੀ ਚੁਟਕਲੀ ਅੰਦਾਜ਼ ਵਿੱਚ ਪਰੋਸੀਆਂ ਜਾਂਦੀਆਂ ਆਈਟਮਾਂ ਨੂੰ ਪੇਸ਼ ਕਰਨ ਲਈ ਸੱਦਾ- ਪੱਤਰ ਦੇਣ ਲੱਗ ਪਏ। ਇਸ ਤਰਾਂ ਇਹ ਜੋੜੀ ਵੈਨਕੂਵਰ, ਸਰੀ, ਗ਼ਦਰੀ ਬਾਬਿਆਂ ਦੇ ਮੇਲੇ, ਅਤੇ ਕੈਲਫੋਰਨੀਆਂ ਤੱਕ ਆਪਣੇ ਫ਼ਨ ਦੀਆਂ ਪੈੜਾਂ ਵੀ ਕਰ ਆਈ। ਸਿੱਟੇ ਵੱਜੋਂ ਕੈਨੇਡਾ ਆ ਕੇ ਸਫ਼ਲਤਾਵਾਂ ਨੇ ਉਹਦੇ ਸਾਰੇ ਸੁਪਨੇ ਸਾਕਾਰ ਕਰ ਦਿੱਤੇ। ਕੈਨੇਡਾ ਰਹਿੰਦਿਆਂ ਬਲਜਿੰਦਰ ਨੇ ਬਹੁਤ ਸਾਰੇ ਧਾਰਮਿਕ, ਰਾਜਨੀਤਿਕ, ਅਤੇ ਸਭਿਆਚਾਰਕ ਅਦਾਰਿਆਂ ਨਾਲ਼ ਸਾਂਝ ਪਾ ਕੇ ਨਿਵੇਕਲੀ ਕਲਾ-ਕਿਰਤ ਰਾਹੀਂ ਆਪਣੇ ਹੁਨਰ ਦੀ ਸੱਤ-ਰੰਗੀ ਪੀਂਘ ਨੂੰ ਹੋਰ ਗੂੜੇ ਰੰਗਾਂ ਦੀ ਪਾਣ ਚਾੜ੍ਹ ਦਿੱਤੀ। ਉਹਨੂੰ ਕਲਾ ਦੀਆਂ ਅੱਠ-ਖੇਲੀਆਂ ਨਾਲ਼ ਕੁੱਦਣ ਅਤੇ ਚਾਅ ਬਿਖੇਰਨ ਦਾ ਕੁਦਰਤੀ ਵੱਲ ਆਉਂਦਾ ਹੈ। ਉਹਨੇ ਬਹੁਤ ਸਾਰੇ ਉੱਚ-ਕੋਟੀ ਦੇ ਮਾਅਰਕੇ-ਮਾਰਕੇ ਆਪਣੇ ਨਾਮ ਨੂੰ ਲੋਕਾਂ ਦੇ ਚੇਤਿਆਂ, ਦਿਲਾਂ ਅਤੇ ਮਨਾਂ ਅੰਦਰ ਹਮੇਸ਼ਾ ਲਈ ਅਮਰ ਕਰ ਲਿਆ।

‘ਬਲਜਿੰਦਰ ਸੇਖੇ’ ਨੇ ਸਿੱਖ ਹੈਰਿਟਿਜ ਮਹੀਨਾਂ ਜੋ ਅਪਰੈਲ ਵਿੱਚ ਮਨਾਇਆ ਜਾਂਦਾ ਹੈ ਉਸ ਦਾ “ਸਿੰਬਲ” ਡਿਜ਼ਇਨ ਤਿਆਰ ਕੀਤਾ, ਅਤੇ ਟਰੇਡ ਮਾਰਕ ਦੇ ਤੌਰ ’ਤੇ ਰਜਿਸਟਰ ਕਰਵਾਕੇ ‘ਵਿੱਕ ਢਿੱਲੋਂ’ ਦੇ ਸਹਿਯੋਗ ਨਾਲ਼ ਓਨਟੇਰੀਓ ਦੀ ਅਸੈਂਬਲੀ ’ਚ ਪੇਸ਼ ਵੀ ਕੀਤਾ। ਜਿਸ ਨੂੰ ਸੂਬੇ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਮਾਨਤਾ ਪ੍ਰਦਾਨ ਕੀਤੀ। ਜਦੋਂ ਜਸਟਿਨ ਟਰੂਡੋ ਨੇ ਕਾਮਾਗਾਟਾ ਮਾਰੂ ਤ੍ਰਾਸਦੀ ਦੀ ਮੁਆਫੀ ਮੰਗੀ ਸੀ ਤਾਂ ਜਿੱਥੋਂ ਜਹਾਜ਼ ਮੋੜਿਆ ਗਿਆ ਸੀ ਉਸੇ ਜਗ੍ਹਾ ’ਤੇ ‘ਪੋਰਟਰੇਟ’ ਵੀ ਬਲਜਿੰਦਰ ਨੇ ਹੀ ਤਿਆਰ ਕੀਤਾ। ਇਸ ਦੇ ਚਲਦਿਆਂ ਹੀ ਜਦੋਂ ਇੱਕ ਜੁਲਾਈ, 2017 ’ਚ ਕੈਨੇਡਾ ਦੇ ਜਨਮ ਦੀ 150ਵੀਂ ਸਾਲ-ਗਰਾਹ ਮਨਾਈ ਗਈ ਤਾਂ ਇੰਡੀਆਂ/ ਕੈਨੇਡਾ ਦੀ ਮਿੱਤਰਤਾ ਦੀ ਆਪਸੀ ਦੇਣ ਤੋਂ ਪ੍ਰਭਾਵਿਤ ਹੋ ਕੇ, ਇੱਕ ਸੁਹਿਰਦ-ਨਾਗਰਿਕ ਵਜੋਂ ਬਲਜਿੰਦਰ ਨੇ “ਗੋ ਕੈਨੇਡਾ ਗੋ” ਨਾਮ ਦਾ ਗੀਤ ਲਿਖਿਆ। ਇਸ ਗੀਤ ਨੂੰ ਭਾਰਤ ’ਚੋਂ ਪ੍ਰਸਿੱਧ ਸੰਗੀਤਕਾਰ ਸ਼੍ਰੀ ਦਿਲਕੁਸ਼ ਥਿੰਦ ਦੇ ਸੰਗੀਤ ’ਚ ਰਿਕਾਰਡ ਕਰਵਾਇਆ ਗਿਆ ਅਤੇ ਅੰਗਰੇਜ਼ੀ ਤੇ ਫਰਿੰਚ ਵਿੱਚ ਅਨੁਵਾਦ ਵੀ ਕੀਤਾ ਗਿਆ। ਇਸ ਗੀਤ ਨੇ ਸੇਖੇ ਦੇ ਨਾਮ ਦੀ ਮਹਿੰਮਾਂ ਕੈਨੇਡਾ ਦੀ ਪਾਰਲੀਮੈਂਟ ਦੇ ਹਾਲ ’ਚ ਜਾ ਗੂੰਜਾਈ। 2018 ’ਚ ਮਨਾਏ ਗਏ 151ਵੇਂ “ਕੈਨੇਡਾ ਡੇਅ” ਦੇ ਇਤਿਹਾਸਿਕ ਮੌਕੇ ਉੱਤੇ, ‘ਸੇਖੇ’ ਦੇ ਤਿਆਰ ਕੀਤੇ ਗਏ “ਗੋ ਕੈਨੇਡਾ ਗੋ” ਨਕਸ਼ੇ ਨੂੰ ਕੈਨੇਡਾ ਪੋਸਟ ਵੱਲੋਂ ਛਾਪ ਕੇ ਤੇ ਕੇਂਦਰੀ ਮੰਤਰੀ ਨਵਦੀਪ ਬੈਂਸ ਕੋਲੋਂ ਡਾਕ ਟਿਕਟ ਜਾਰੀ ਕਰਵਾ ਕੇ ਸਮੁੱਚੇ ਪੰਜਾਬੀ-ਭਾਈਚਾਰੇ ਨੂੰ ਵਿਸ਼ੇਸ਼ ਮਾਣ- ਸਤਿਕਾਰ ਨਾਲ਼ ਨਿਵਾਜਿਆ ਗਿਆ।

‘ਸੇਖੇ’ ਦੇ ਸਮਾਜਿਕ ਅਤੇ ਸਭਿਆਰਕ ਖੇਤਰਾਂ ’ਚ ਕਰੇ ਕਾਰਜਾਂ ਦੀ ਸੂਚੀ ਲੰਬੀ ਹੋਣ ਕਰਕੇ ਉਹਨੂੰ ਯੂ ਐਨ ਓ ਵੱਲੋਂ ਵੀ ਵਿਸ਼ੇਸ਼ ਤੌਰ ’ਤੇ ਸ਼ਾਬਾਸ਼ ਮਿਲੀ। ਕੈਨੇਡਾ ਦੇ ਮਹਾਨ-ਸੂਰਬੀਰ ਸ਼ਹੀਦ ਯੋਧਿਆਂ ਦੀ ਯਾਦ ਨੂੰ ਸਮਰਪਿਤ, ਗਿਆਰਾਂ ਨਵੰਬਰ, 2018 ਨੂੰ ਮਨਾਏ ਗਏ 100ਵੇਂ ਰੈਮੈਂਮਬਰਸ ਡੇਅ ਦੇ ਇੱਕ ਵਿਸ਼ਾਲ ਸਮਾਗਮ ਮੌਕੇ, ਬਲਜਿੰ-ਦਰ ਵੱਲੋਂ ਬਣਾਇਆ ਗਿਆ ਬਹੁਤ ਹੀ ਖ਼ੂਬਸੂਰਤ ਚਿੱਤਰ ਜਿਸ ਉੱਪਰ ਪੰਜਾਬੀ ਵਿੱਚ ਲਿਖਿਆ ਸੀ “ਅਸੀਂ ਕਦੇ ਵੀ ਭੁੱਲ ਨਹੀਂ ਸਕਦੇ”, ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਦੇਸ਼ ਵਾਸੀਆਂ ਨੂੰ ਭੇਟ ਕੀਤਾ ਗਿਆ। ‘ਸੇਖੇ’ ਨੂੰ ਮਿਲ਼ੇ ਇਸ ਵਿਲੱਖਣ ਆਦਰ-ਸਤਿਕਾਰ ਨੇ ਜਿੱਥੇ ਉਹਦੇ ਸਵੈ-ਵਿਸ਼ਵਾਸ਼ ਦੇ ‘ਪਪੀਹੇ’ ਨੂੰ ‘ਉਤਸ਼ਾਹ’ ਦੀ ਸੁਆਤੀ-ਬੂੰਦ ਪਿਲਾ ਕੇ ਕੁੱਝ ਹੋਰ ਨਵਾਂ ਤੇ ਵੱਖਰਾ ਕਰਨ ਦੀ ਚੇਸ਼ਟਾ ਦਾ ਬਲ ਬਖ਼ਸ਼ਿਆ, ਉੱਥੇ ਉਹਦਾ ਨਾਮ ਇੱਕ ਗੁਣੀ-ਕਵੀ ਅਤੇ ਪਤਵੰਤਾ-ਫ਼ਨਕਾਰ ਹੋਣ ਦੀ ਸ਼ੋਹਰਤੀ-ਸੂਚੀ ਵਿੱਚ ਵੀ ਦਰਜ ਕਰ ਦਿੱਤਾ। ਬਲਜਿੰਦਰ ਨੇ ਦਾਨ ਕਰਨ ’ਚ ਵੀ ਇੱਕ ਅਲੌਕਿਕ-ਕਾਰਜ ਕੀਤਾ। ਉਹਨੇ ਆਪਣੀ ਮਾਤਾ ਜੀ ਚਰਨਜੀਤ ਕੌਰ ਦੇ ਆਕਾਲ ਚਲਾਣੇ ਤੋਂ ਬਾਅਦ ਉਹਨਾਂ ਦੀਆਂ ਦੋਵੇਂ ਅੱਖਾਂ ਦਾਨ ਕਰਕੇ ਮਾਨ-ਵਤਾ ਦੀ ਇੱਕ ਮਹਾਨ ਸੇਵਾ ਕੀਤੀ। ਜੀਵਨ ਨਿਰਬਾਹ ਕਰਨ ਲਈ ਉਹ ਫਾਇਨੈਂਸ/ ਮੋਰਗੇਜ ਅਤੇ ਸਰਟਿਫਾਈਡ ਇੰਨਸ਼ੋਰੈਂਸ ਬਰੋਕਰ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਬਲਜਿੰਦਰ ਸੱਚਮੁਚ ਹੀ ਮਹਿਫ਼ਲਾਂ ਦਾ ਮਾਣਕ-ਮੋਤੀ, ਮੋਹ-ਮਿਲਾਪ ਦੀ ਕਸਤੂਰੀ ਵੰਡਣ ਵਾਲਾ ਮਸਤਾਨਾ- ਮੇਜ਼ਬਾਨ, ਮਹਿਕਾਂ ਮਾਰਦੇ ਮਜ਼ਾਕੀਆ-ਮਿਜ਼ਾਜ ਦਾ ਮਾਲਕ, ਮਿਲਾਪੜੇ-ਸੁਭਾਅ ਦਾ ਮਿੱਠਾ ਮੇਵਾ, ਅਤੇ ਮੱਲਾਂ ਮਾਰਨ ਵਾਲਾ ਮਤਵਾਲਾ ਮੱਲ ਹੈ। ਕਲਾਕਾਰੀ ਜਜ਼ਬੇ ਉਹਦੇ ਖ਼ੂਨ ’ਚ ਹਮੇਸ਼ਾ ਹੀ ਉਂਗਦੇ ਰਹਿੰਦੇ ਹਨ, ਤੇ ਕਲਾ ਦੀਆਂ ਕਿਆਰੀਆਂ ’ਚ ਉਹ ਸਦਾ ਹੀ ਹਾਸਿਆਂ ਦੇ ਫੂਲ ਖਿਲਾਉਂਦਾ ਰਹਿੰਦਾ ਹੈ। ਉਹਨੂੰ ਕਲਾਕਾਰੀ-ਕਸੀਦੇ ਕੱਢਣ ਦੀ ਹਮੇਸ਼ਾ ਹੀ ਤੜਪ ਲੱਗੀ ਰਹਿੰਦੀ ਹੈ। ਪੰਜਾਬੀ ਭਾਈਚਾਰੇ ’ਚ ਉਹਦਾ ਨਾਮ ਸਤਿਕਾਰ ਵੱਜੋਂ ਲਿਆ ਜਾਂਦਾਹੈ। ਉਹ ਆਪਣੀ ਪਤਨੀ ਤੇ ਦੋ ਬੱਚੀਆਂ ਸਮੇਤ ਕੈਨੇਡਾ ਦੇ ਬਰੈਂਪਟਨ ਸ਼ਹਿਰ ’ਚ ਬਹੁਤ ਹੀ ਪਿਆਰੀ ਜ਼ਿੰਦਗੀ ਬਸ਼ਰ ਕਰ ਰਿਹਾ ਹੈ।

ਡਾ: ਰਛਪਾਲ ਗਿੱਲ ਟੋਰਾਂਟੋ
416-669-3434

**Dr. Randhawa Dentistry**
*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹਨਾਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!





FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




**NEED A LAWYER ??**
**KAUR LAW OFFICE**
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਕੈਪਟਨ ਅਮਰਿੰਦਰ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ 82 ਨਾਵਾਂ ਨੂੰ ਪ੍ਰਵਾਨਗੀ ਦਿੱਤੀ



ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਸਭ ਤੋਂ ਵੱਡੇ ਖੇਡ ਸਨਮਾਨ ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ 82 ਖਿਡਾਰੀਆਂ ਦੇ ਨਾਵਾਂ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਨੇ ਇਸ ਸੂਚੀ ਵਿੱਚ ਸੂਬੇ ਦੇ 12 ਪਦਮ ਸ੍ਰੀ, ਅਰਜੁਨ ਅਤੇ ਰਾਜੀਵ ਗਾਂਧੀ ਖੇਡ ਰਤਨ ਐਵਾਰਡੀਆਂ ਦੇ ਨਾਂਅ ਸ਼ਾਮਲ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ। ਇਹ ਫੈਸਲਾ ਮੁੱਖ ਮੰਤਰੀ ਵੱਲੋਂ ਚੰਡੀਗੜ੍ਹ 'ਚ ਇਕ ਉਚ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਲਿਆ। ਉਨ੍ਹਾਂ ਨੇ 2011 ਤੋਂ ਪਿਛਲੇ ਅੱਠ ਸਾਲ ਦੇ ਬੈਕਲਾਗ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਇਨਾਮ 'ਚ ਮਹਾਰਾਜਾ ਰਣਜੀਤ ਸਿੰਘ ਟਰਾਫੀ ਦੇ ਨਾਲ ਦੋ ਲੱਖ ਰੁਪਏ ਨਕਦ ਇਨਾਮ ਮਿਲਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਖੇਡ ਮੰਤਰੀ ਨੂੰ ਖੇਡ ਯੂਨੀਵਰਸਿਟੀ ਸਥਾਪਤ ਕਰਨ ਵਾਸਤੇ ਰੂਪ ਰੇਖਾ ਦੀ ਤਿਆਰੀ 'ਚ ਤੇਜ਼ੀ ਲਿਆਉਣ ਅਤੇ ਇਹ ਪ੍ਰਾਜੈਕਟ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਵਾਸਤੇ ਇਸ ਦੀ ਪ੍ਰਗਤੀ ਦਾ ਲਗਾਤਾਰ ਜਾਇਜ਼ਾ ਲੈਣ ਨੂੰ ਕਿਹਾ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਮੋਹਾਲੀ ਵਿਖੇ 31 ਮਾਰਚ ਨੂੰ ਵਿਭਾਗ ਵੱਲੋਂ ਕਰਾਈ ਜਾ ਰਹੀ ਮੈਰਾਥਨ ਨੂੰ ਝੰਡੀ ਦੇਣ ਦੀ ਵੀ ਸਹਿਮਤੀ ਦਿੱਤੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਖੇਡ ਪ੍ਰਾਪਤੀਆਂ ਲਈ ਦੇਸ਼ ਦਾ ਮਾਣ ਵਧਾਉਣ ਲਈ ਹਮੇਸ਼ਾ ਮੋਹਰੀ ਰਹਿਣ ਦਾ ਜ਼ਿਕਰ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸੂਬੇ ਦੇ ਅਥਲੀਟ ਅਗਲੇ ਟੋਕੀਓ ਉਲੰਪਿਕ ਵਿੱਚ ਬਹੁਤ ਸਾਰੇ ਮੈਡਲ ਖੱਟਣਗੇ।

ਇਸ ਤੋਂ ਪਹਿਲਾਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੱਸਿਆ ਕਿ ਇਨਾਮ ਲਈ ਸੂਬੇ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨੁਮਾਇੰਦਗੀ ਕਰਨ ਵਾਲੇ ਖਿਡਾਰੀ ਹੀ ਸਮਰੱਥ ਹਨ।

### ਨਵਜੋਤ ਸਿੱਧੂ ਦਾ ਨਵਾਂ ਹਮਲਾ

## ਪਾਕਿ ਵਿੱਚ 300 ਅਤਿਵਾਦੀ ਮਾਰੇ ਜਾਂ ਚੋਣ ਫ਼ਾਇਦੇ ਲਈ ਏਅਰ ਸਟਰਾਈਕ ਕੀਤੈ



ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਭਾਰਤੀ ਹਵਾਈ ਫ਼ੌਜ ਦੇ ਜਹਾਜ਼ਾਂ ਵੱਲੋਂ ਪਾਕਿਸਤਾਨ ਵਿਚ ਪਹੁੰਚ ਕੇ ਕੀਤੀ ਏਅਰ ਸਟਰਾਈਕ ਉਤੇ ਕਈ ਤਰ੍ਹਾਂ ਦੇ ਸਵਾਲ ਖੜੇ ਹੋਣ ਲੱਗੇ ਹਨ। ਕਈ ਵਿਰੋਧੀ ਨੇਤਾ ਪਹਿਲਾਂ ਵੀ ਏਅਰ ਸਟਰਾਈਕ ਦੇ ਸਬੂਤ ਮੰਗ ਚੁੱਕੇ ਹਨ। ਅੱਜ ਕਾਂਗਰਸ ਨੇਤਾ ਅਤੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਸ ਬਾਰੇ ਵੱਡਾ ਹਮਲਾ ਬੋਲਿਆ ਅਤੇ ਟਵੀਟ ਕੀਤਾ ਹੈ ਕਿ ਓਥੇ 300 ਅਤਿਵਾਦੀ ਮਾਰੇ ਗਏ ਹਨ ਜਾਂ ਨਹੀਂ? ਜੇ ਨਹੀਂ ਤਾਂ ਇਸ ਦਾ ਕੀ ਮਕਸਦ ਸੀ? ਕੀ ਸਿਰਫ਼ ਰੁੱਖ ਉਖਾੜਨ ਜਹਾਜ਼ ਭੇਜੇ ਗਏ ਸੀ।

ਇਸ ਸੰਬੰਧ ਵਿੱਚ ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੁੱਛਿਆ ਹੈ ਕਿ ਕਿਤੇ ਇਹ ਸਿਰਫ਼ ਇਕ ਚੋਣ ਨਾਟਕ ਤਾਂ ਨਹੀਂ। ਉਨ੍ਹਾਂ ਲਿਖਿਆ ਕਿ 'ਫ਼ੌਜ ਦਾ ਰਾਜਨੀਤੀਕਰਨ ਕਰਨਾ ਬੰਦ ਕਰੋ, ਜਿੰਨਾ ਦੇਸ਼ ਪਵਿੱਤਰ ਹੈ, ਓਨੀ ਫ਼ੌਜ ਪਵਿੱਤਰ ਹੈ। ਉੱਚੀ ਦੁਕਾਨ, ਫਿੱਕਾ ਪਕਵਾਨ।' ਸਿੱਧੂ ਨੇ ਇਸ ਟਵੀਟ ਤੋਂ ਇਲਾਵਾ ਇਕ ਵੀਡੀਓ ਵੀ ਟਵੀਟ ਕੀਤਾ ਹੈ, ਜਿਸ ਵਿਚ ਬਾਲਾਕੋਟ ਦੇ ਕੁਝ ਸਥਾਨਕ ਲੋਕ ਕਹਿ ਰਹੇ ਹਨ ਕਿ ਓਥੇ ਕੁਝ ਵੀ ਨਹੀਂ ਹੋਇਆ।

ਵਰਨਣ ਯੋਗ ਹੈ ਕਿ ਇਸ ਐਤਵਾਰ ਨੂੰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਇਕ ਰੈਲੀ ਦੌਰਾਨ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਵਿੱਚ ਕੀਤੇ ਏਅਰ ਸਟਰਾਈਕ ਵਿਚ 250 ਅਤਿਵਾਦੀ ਮਾਰੇ ਗਏ ਹਨ। ਇਸ ਪਿੱਛੋਂ ਕਈ ਵੱਡੇ ਨੇਤਾਵਾਂ ਨੇ ਸਵਾਲ ਕੀਤੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਕਾਂਗਰਸ ਨੇਤਾ ਮੁਨੀਸ਼ ਤਿਵਾੜੀ ਤੇ ਕਪਿਲ ਸਿੱਬਲ ਨੇ ਪੁੱਛਿਆ ਹੈ ਕਿ ਜੇ ਫ਼ੌਜ ਨੇ ਕੋਈ ਗਿਣਤੀ ਨਹੀਂ ਦੱਸੀ ਤਾਂ ਭਾਜਪਾ ਪ੍ਰਧਾਨ ਨੂੰ ਕਿਵੇਂ ਪਤਾ ਲੱਗਾ। ਏਅਰ ਸਟਰਾਈਕ ਤੋਂ ਬਾਅਦ ਇਹ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪੱਛਮ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਏਅਰ ਸਟਰਾਈਕ ਦਾ ਸਬੂਤ ਮੰਗਿਆ ਹੈ ਅਤੇ ਕਾਂਗਰਸ ਨੇਤਾ ਦਿਗਵਿਜੈ ਸਿੰਘ ਨੇ ਇਹ ਕਿਹਾ ਸੀ ਕਿ ਸਰਕਾਰ ਨੂੰ ਏਅਰ ਸਟਰਾਈਕ ਦੇ ਸਬੂਤ ਦੇਸ਼ ਦੇ ਸਾਹਮਣੇ ਰੱਖਣੇ ਚਾਹੀਦੇ ਹਨ।

## ਪੰਜਾਬ ਦੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਵੱਢ ਚੁੱਕੇ ਨੇ ਆਵਾਰਾ ਕੁੱਤੇ

ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਅਬੋਹਰ ਨੇੜਲੇ ਪਿੰਡ ਸ਼ੇਰਗੜ੍ਹ ਵਿੱਚ ਕੱਲ੍ਹ ਆਵਾਰਾ ਕੁੱਤਿਆਂ ਨੇ ਇਕ ਸਾਲਾ ਬੱਚੇ ਨੂੰ ਮਾਰ ਦਿੱਤਾ ਸੀ। ਆਵਾਰਾ ਕੁੱਤਿਆਂ ਦੇ ਹਮਲੇ 'ਚ ਕਿਸੇ ਦੀ ਮੌਤ ਹੋਣ ਵਾਲੀ ਇਹ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ। ਪਿਛਲੇ ਸਾਲ ਪੰਜਾਬ 'ਚ ਆਵਾਰਾ ਕੁੱਤਿਆਂ ਨੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਵੱਢਿਆ, ਜਿਨ੍ਹਾਂ 'ਚੋਂ ਕਈਆਂ ਦੀ ਮੌਤ ਹੋ ਗਈ ਤੇ ਕਈ ਗੰਭੀਰ ਜ਼ਖਮੀ ਹੋ ਗਏ, ਪਰ ਆਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਕਰਨ ਵਾਲੇ ਤਿੰਨੇ ਵਿਭਾਗ ਇਕ ਦੂਜੇ 'ਤੇ ਜ਼ਿੰਮੇਵਾਰੀ ਸੁੱਟ ਰਹੇ ਹਨ। ਪੰਜਾਬ ਸਰਕਾਰ ਵੱਲੋਂ 2018 ਵਿੱਚ ਇਕੱਠੇ ਕੀਤੇ ਅੰਕੜਿਆਂ ਅਨੁਸਾਰ 1.13 ਲੱਖ ਲੋਕਾਂ ਨੂੰ ਆਵਾਰਾ ਕੁੱਤਿਆਂ ਨੇ ਵੱਢਿਆ ਅਤੇ 2017 'ਚ ਇਹ ਅੰਕੜਾ 1.12 ਲੱਖ ਸੀ। ਇਨ੍ਹਾਂ ਲੋਕਾਂ 'ਚੋਂ 50 ਫੀਸਦੀ ਬੱਚੇ ਸਨ। ਇਹ ਸਿਰਫ ਉਹ ਮਾਮਲੇ ਹਨ, ਜਿਨ੍ਹਾਂ ਬਾਰੇ ਹਸਪਤਾਲਾਂ ਤੋਂ ਜਾਣਕਾਰੀ ਮਿਲੀ ਹੈ।

ਜਾਣਕਾਰਾਂ ਦੇ ਅਨੁਸਾਰ ਅਸਲ ਅੰਕੜਾ ਇਸ ਤੋਂ ਵੱਡਾ ਹੋ ਸਕਦਾ ਹੈ। ਬੀਤੇ ਦੋ ਸਾਲਾਂ ਦੌਰਾਨ ਆਵਾਰਾ ਕੁੱਤਿਆਂ ਦੇ ਵੱਢਣ ਦੇ ਮਾਮਲੇ 2016 ਨਾਲੋਂ ਦੁੱਗਣੇ (54 ਹਜ਼ਾਰ) ਹੋ ਗਏ ਹਨ। ਜ਼ਿਲਾ ਵਾਰ ਅੰਕੜਿਆਂ ਅਨੁਸਾਰ ਲੁਧਿਆਣਾ ਜ਼ਿਲਾ ਸਭ ਤੋਂ ਅੱਗੇ ਹੈ, ਜਿਥੇ 15,324 ਘਟਨਾ ਵਾਪਰੀਆਂ ਹਨ। ਇਸ ਤੋਂ ਬਾਅਦ ਪਟਿਆਲਾ (9936), ਜਲੰਧਰ (9839), ਹੁਸ਼ਿਆਰਪੁਰ (9260) ਅਤੇ ਸੰਗਰੂਰ (6593) ਦਾ ਨੰਬਰ ਆਉਂਦਾ ਹੈ। ਪੰਜਾਬ 'ਚ ਆਵਾਰਾ ਕੁੱਤਿਆਂ ਦੀ ਸਮੱਸਿਆ ਦਾ ਮਸਲਾ ਵਿਧਾਨ ਸਭਾ ਦੇ ਹਰ ਸੈਸ਼ਨ 'ਚ ਉਠਦਾ ਹੈ, ਪਰ ਕੁੱਤਿਆਂ ਨੂੰ ਕੰਟਰੋਲ ਕਰਨ ਲਈ ਜ਼ਿੰਮੇਵਾਰ ਤਿੰਨੇ ਵਿਭਾਗ ਲੋਕਲ ਬਾਡੀਜ਼, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਪਸ਼ੂ ਪਾਲਣ ਵਿਭਾਗ ਇਕ ਦੂਜੇ 'ਤੇ ਜ਼ਿੰਮੇਵਾਰੀ ਸੁੱਟ ਕੇ ਸੁਰਖਰੂ ਹੋ ਰਹੇ ਹਨ, ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਜਾ ਰਹੀ।

## ਨਾਜਾਇਜ਼ ਸੰਬੰਧਾਂ ਦੇ ਚੱਕਰ ਵਿਚ ਮਾਂ ਨੇ ਡੇਢ ਸਾਲਾ ਬੇਟੀ ਨੂੰ ਮਾਰ ਦਿੱਤਾ

ਲੁਧਿਆਣਾ, 4 ਮਾਰਚ (ਪੋਸਟ ਬਿਊਰੋ)- ਇਸ ਮਹਾਂਨਗਰ ਦੇ ਜੀਵਨ ਨਗਰ ਇਲਾਕੇ ਵਿੱਚ ਨਾਜਾਇਜ਼ ਸੰਬੰਧਾਂ ਦੇ ਚੱਕਰ ਵਿੱਚ ਇੱਕ ਮਾਂ ਨੇ ਡੇਢ ਸਾਲ ਦੀ ਬੇਟੀ ਨੂੰ ਜਾਨ ਤੋਂ ਮਾਰ ਦਿੱਤਾ ਹੈ।

ਮ੍ਰਿਤਕ ਬੱਚੀ ਦੇ ਚਾਚੇ ਸਿੰਟੂ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਭਰਾ ਗੁੱਡੂ ਦਾ ਕਰੀਬ ਤਿੰਨ ਸਾਲ ਪਹਿਲਾਂ ਸੁਨੀਤਾ ਨਾਲ ਵਿਆਹ ਹੋਇਆ ਸੀ। ਕੁਝ ਮਹੀਨੇ ਬਾਅਦ ਤੋਂ ਦੋਵਾਂ ਵਿੱਚ ਝਗੜੇ ਰਹਿਣ ਲੱਗਾ। ਇਸ ਮਗਰੋਂ ਸੁਨੀਤਾ ਪੇਕੇ ਚਲੀ ਗਈ, ਜਿੱਥੇ ਉਸ ਨੇ ਬੇਟੀ ਨੂੰ ਜਨਮ ਦਿੱਤਾ। ਪਰਵਾਰ ਵਾਲਿਆਂ ਨੇ ਤਿੰਨ ਵਾਰ ਸਮਝੌਤਾ ਕਰਾਇਆ, ਪਰ ਸੁਨੀਤਾ ਵਾਪਸ ਨਹੀਂ ਆਈ। ਇਸੇ ਦੌਰਾਨ ਉਸ ਦੇ ਗੁਆਂਢ ਵਿੱਚ ਕਿਸੇ ਵਿਅਕਤੀ ਨਾਲ ਨਾਜਾਇਜ਼ ਸੰਬੰਧ ਬਣ ਗਏ। ਪਰਵਾਰ ਨੇ ਫਿਰ ਸਮਝੌਤਾ ਕਰਵ-ਾਇਆ ਤਾਂ ਕੱਲ੍ਹ ਸੁਨੀਤਾ ਸਾਲ ਡੇਢ ਸਾਲ ਦੀ ਬੇਟੀ ਖੁਸ਼ੀ ਦੇ ਨਾਲ ਘਰ ਵਾਪਸ ਆ ਗਈ। ਰਾਤ ਕਰੀਬ ਇੱਕ ਵਜੇ ਸੁਨੀਤਾ ਨੇ ਨੇੜੇ ਸੁੱਤੇ ਪਏ ਗੁੱਡੂ ਨੂੰ ਜਗਾ ਕੇ ਕਿਹਾ ਕਿ ਖੁਸ਼ੀ ਕੁਝ ਬੋਲ ਨਹੀਂ ਰਹੀ। ਉਹ ਉਸ ਨੂੰ ਹਸਪਤਾਲ ਲੈ ਗਏ, ਪ੍ਰੰਤੂ ਡਾਕਟਰਾਂ ਨੇ ਦੱਸਿਆ ਕਿ ਸਾਹ ਘੁੱਟਣ ਨਾਲ ਬੱਚੀ ਦੀ ਮੌਤ ਹੋ ਚੁੱਕੀ ਹੈ। ਸ਼ੱਕ ਹੋਣ 'ਤੇ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਸੁਨੀਤਾ ਨੇ ਦੱਸਿਆ ਕਿ ਉਸ ਨੇ ਸਿਰਹਾਣੇ ਨਾਲ ਮੂੰਹ ਦਬਾ ਕੇ ਬੱਚੀ ਦੀ ਹੱਤਿਆ ਕੀਤੀ ਹੈ। ਪੁਲਸ ਨੇ ਹੱਤਿਆ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

## ਨਿਊਡ ਫੋਟੋ ਮਾਮਲੇ ਵਿੱਚ ਬਿਊਟੀਸ਼ੀਅਨ ਦਾ ਪਤੀ ਹੋਇਆ ਗ੍ਰਿਫਤਾਰ



ਜਲੰਧਰ, 4 ਮਾਰਚ (ਪੋਸਟ ਬਿਊਰੋ)- ਸ਼ਹੀਦ ਊਧਮ ਸਿੰਘ ਨਗਰ ਵਿੱਚ ਸਟੂਡੈਂਟ ਨਾਲ ਜ਼ਬਰਦਸਤੀ ਕਰਨ ਦੇ ਦੋਸ਼ ਵਿੱਚ ਪੁਲਸ ਨੇ ਬਿਊਟੀਸ਼ੀਅਨ ਪੂਨਮ ਦੇ 39 ਸਾਲ ਦੇ ਟੈਕਸੀ ਡਰਾਈਵਰ ਪਤੀ ਜਸਪਾਲ ਸਿੰਘ ਉਰਫ ਪਿੰਕਾ ਨੂੰ ਗ੍ਰਿਫਤਾਰ ਕਰ ਕੇ ਸਾਜ਼ਿਸ਼ ਦੇ ਤਹਿਤ ਰੇਪ ਦਾ ਪਰਚਾ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਥਾਣਾ-4 ਵਿੱਚ ਨੀਵਾਂ ਸੁਰਾਜਗੰਜ ਦੇ ਵਸਨੀਕ 39 ਸਾਲ ਦੇ ਜਸਪਾਲ ਤੋਂ ਪੁਲਸ ਅੱਧੀ ਰਾਤ ਤੱਕ ਨਿਊਡ ਫੋਟੋਗ੍ਰਾਫ ਬਾਰੇ ਪੁੱਛਗਿੱਛ ਕਰਦੀ ਰਹੀ। ਉਸ ਦੀ ਪਤਨੀ ਪੂਨਮ ਦੀ ਤਲਾਸ਼ ਕੀਤੀ ਜਾ ਰਹੀ ਹੈ। ਸਟੂਡੈਂਟ ਨੇ ਕਿਹਾ, ਆਂਟੀ ਪੂਨਮ ਕਹਿੰਦੀ ਸੀ, ਤੂੰ ਮੇਰੀ ਬੇਟੀ ਦੀ ਤਰ੍ਹਾਂ ਏਂ, ਪਰ ਨਸ਼ੀਲੀ ਡ੍ਰਿੰਕ ਪਿਲਾ ਕੇ ਨਿਊਡ ਫੋਟੋ ਖਿਚਵਾਏ ਅਤੇ ਫਿਰ ਪਤੀ ਤੋਂ ਜ਼ਬਰਦਸਤੀ ਕਰਵਾਈ। ਸਟੂਡੈਂਟ ਨੇ ਕਿਹਾ ਕਿ ਉਹ ਸ਼ਹੀਦ ਊਧਮ ਸਿੰਘ ਨਗਰ ਵਿੱਚ ਬਿਊਟੀ ਪਾਰਲਰ ਚਲਾਉਣ ਵਾਲੀ ਆਂਟੀ ਪੂਨਮ ਨੂੰ ਜਾਣਦੀ ਸੀ। ਆਂਟੀ ਦੇ ਦੋ ਬੱਚੇ ਹਨ। ਮਈ 2017 ਵਿੱਚ ਉਹ ਉਸ ਬਿਊਟੀ ਪਾਰਲਰ ਵਿੱਚ ਵੈਕਸ ਕਰਾਉਣ ਗਈ ਸੀ। ਆਂਟੀ ਨੇ ਬਿਠਾਇਆ ਅਤੇ ਕਿਹਾ ਕਿ ਮੈਂ ਛੇਤੀ ਕਰ ਦਿੰਦੀ ਹਾਂ। ਗਰਮੀ ਕਾਰਨ ਆਂਟੀ ਨੇ ਡ੍ਰਿੰਕ ਆਫਰ ਕੀਤੀ, ਜਿਸ ਨੂੰ ਪੀਣ ਦੇ ਬਾਅਦ ਉਸ ਨਾਲ ਕੀ ਹੋਇਆ, ਕੁਝ ਪਤਾ ਨਹੀਂ। ਹੋਸ਼ ਆਇਆ ਤਾਂ ਆਂਟੀ ਦੇ ਨਾਲ ਅੰਕਲ ਵੀ ਖੜ੍ਹੇ ਸਨ। ਉਹ ਜਿਸ ਹਾਲਤ ਵਿੱਚ ਸੀ, ਬਿਆਨ ਨਹੀਂ ਕਰ ਸਕਦੀ। ਨਾਲ ਖੜ੍ਹੇ ਅੰਕਲ ਨੂੰ ਦੇਖ ਕੇ ਹੋਸ਼ ਉਡ ਗਏ। ਉਸ ਨੂੰ ਮੋਬਾਈਲ 'ਤੇ ਫੋਟੋ ਦਿਖਾਏ ਗਏ ਤਾਂ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ। ਉਸ ਦੀ ਤਬੀਅਤ ਖਰਾਬ ਹੋ ਰਹੀ ਸੀ। ਆਂਟੀ ਨੇ ਉਸ ਨੂੰ ਕਿਹਾ, ਅੰਕਲ ਨੇ ਤੇਰੇ ਨਾਲ ਸੰਬੰਧ ਬਣਾਏ ਹਨ, ਜੇ ਕਿਸੇ ਨੂੰ ਦੱਸਿਆ ਤਾਂ ਫੋਟੋ ਵਾਇਰਲ ਕਰ ਦੇਣਗੇ। ਸਟੂਡੈਂਟ ਨੇ ਕਿਹਾ, ਆਂਟੀ ਨੇ ਤਦ ਕਿਹਾ ਸੀ ਕਿ ਮੇਰੀ ਕਿਸੇ ਹੋਰ ਨਾਲ ਦੋਸਤੀ ਹੈ। ਉਸ ਦਿਨ ਦੇ ਬਾਅਦ ਤੋਂ ਉਸ ਦੀ ਜ਼ਿੰਦਗੀ ਖਰਾਬ ਹੋ ਗਈ। ਉਸ ਨੂੰ ਲਗਾਤਾਰ ਬਲੈਕਮੇਲ ਕੀਤਾ ਗਿਆ। ਪੈਸੇ ਦੇ ਨਾਲ ਗਹਿਣੇ ਤੱਕ ਦੇਣ ਦੇ ਬਾਵਜੂਦ ਅੰਕਲ ਧਮਕੀ ਦਿੰਦੇ ਸਨ ਕਿ ਹੋਰ ਪੈਸੇ ਨਾ ਦਿੱਤੇ ਤਾਂ ਫੋਟੋ ਵਾਇਰਲ ਕਰ ਦਿਆਂਗੇ। ਅਖੀਰ ਆਪਣੇ ਪਰਵਾਰ ਨੂੰ ਆਪਣੀ ਹੱਡ-ਬੀਤੀ ਸੁਣਾ ਦਿੱਤੀ।

## ਗਿਆਨੀ ਇਕਬਾਲ ਸਿੰਘ ਦਾ ਜਥੇਦਾਰ ਅਕਾਲ ਤਖਤ ਉਤੇ ਮੋੜਵਾਂ ਵਾਰ

*** ਕੱਲ੍ਹ ਦਾ ਮੁੰਡਾ ਕੀ ਜਾਣੇ ਮਰਿਆਦਾ ਕੀ ਹੁੰਦੀ ਹੈ: ਇਕਬਾਲ ਸਿੰਘ**



ਅੰਮ੍ਰਿਤਸਰ, 4 ਮਾਰਚ (ਪੋਸਟ ਬਿਊਰੋ)- ਆਪਣੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸਾਹਿਬ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਮੈਂਬਰ ਕਮਿਕਰ ਸਿੰਘ 'ਤੇ ਸ਼ਬਦੀ ਹਮਲੇ ਕੀਤੇ ਹਨ।

ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਕੱਲ੍ਹ ਦਾ ਮੁੰਡਾ ਕੀ ਜਾਣੇ ਮਰਿਆਦਾ ਕੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿੰਨੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਉਮਰ ਹੈ, ਓਨੇ ਸਾਲ ਉਨ੍ਹਾਂ ਦੀ ਤਖਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਹੈ। ਹਰਪ੍ਰੀਤ ਸਿੰਘ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਤਖਤ ਦੇ ਜਥੇਦਾਰ ਤੇ ਕਮੇਟੀ ਬਣਾ ਕੇ ਜਾਂਚ ਕਰਵਾਏ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਅਕਸਰ ਉਨ੍ਹਾਂ ਨੂੰ ਬਾਪੂ ਜੀ ਕਹਿੰਦੇ ਸਨ, ਪਰ ਅੱਜ ਪੁੱਤਰ ਨੇ ਪਿਓ ਦੀ ਦਾੜ੍ਹੀ ਨੂੰ ਹੱਥ ਪਾਇਆ ਹੈ।

ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਆਦਿ ਤਖਤ ਹੈ ਤੇ ਇਹ ਸਾਰੇ ਤਖਤਾਂ ਤੋਂ ਸਿਰਮੌਰ ਤਖਤ ਹੈ। ਇਸ ਦੇ ਜਥੇਦਾਰ ਦੀ ਜਾਂਚ ਕਰਨ ਦਾ ਕਿਸੇ ਨੂੰ ਅਧਿਕਾਰ ਨਹੀਂ ਹੈ। ਤਖਤ ਸਾਹਿਬ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਮੈਂਬਰ ਕਮਿਕਰ ਸਿੰਘ ਬਾਰੇ ਗਿਆਨੀ ਇਕਬਾਲ ਸਿੰਘ ਨੇ ਕਿਹਾ, ਇਹ ਦੋਵੇਂ ਬਿਹਾਰ ਵਿੱਚ ਦਹਿਸ਼ਤ ਫੈਲਾਉਣਾ ਚਾਹੁੰਦੇ ਹਨ ਤੇ ਦੋਵੇਂ ਅਪਰਾਧੀ ਹਨ। ਇਹ ਦੋਵੇਂ ਮੇਰਾ ਮੁੱਦਾ ਬਣਾ ਕੇ ਤਖਤ ਸਾਹਿਬ ਦੀ ਬਦਨਾਮੀ ਕਰ ਰਹੇ ਹਨ।

## ਸਰਕਾਰ ਨਾਲ ਸਮਝੌਤੇ ਦੇ ਮੁੱਦੇ ਤੋਂ ਨਰਸਿੰਗ ਸਟਾਫ ਦੋਫਾੜ, ਕਈ ਨਰਸਾਂ ਨੇ ਡਿਊਟੀ ਸ਼ੁਰੂ ਕੀਤੀ

ਪਟਿਆਲਾ, 4 ਮਾਰਚ (ਪੋਸਟ ਬਿਊਰੋ)- ਰਾਜਿੰਦਰਾ ਹਸਪਤਾਲ ਵਿੱਚ ਤੈਨਾਤ ਨਰਸਿੰਗ, ਐਨਸਿਲਰੀ ਅਤੇ ਦਰਜਾ ਚਾਰ ਇੰਪਲਾਈਜ਼ ਯੂਨੀਅਨ ਦੀ ਸੂਬਾ ਪ੍ਰਧਾਨ ਕਰਮਜੀਤ ਕੌਰ ਔਲਖ ਪਰਸੋਂ ਸਿਹਤ ਮੰਤਰੀ ਵੱਲੋਂ ਮਿਲ ਚੁੱਕੇ ਲਿਖਤੀ ਪੱਤਰ ਦੇ ਬਾਵਜੂਦ ਡਿਊਟੀ ਸ਼ੁਰੂ ਕਰਨ ਨੂੰ ਤਿਆਰ ਨਹੀਂ। ਇਸ ਲਈ ਨਰਸਿੰਗ ਸਟਾਫ ਦੋਫਾੜ ਹੋ ਗਿਆ ਅਤੇ ਕੱਲ੍ਹ ਇਸ ਦੇ ਕਈ ਮੈਂਬਰਾਂ ਨੇ ਡਿਊਟੀ ਜੁਆਇਨ ਕਰ ਲਈ ਤਾਂ ਕਈ ਲੋਕ ਹੜਤਾਲ 'ਤੇ ਹੀ ਰਹੇ।

ਕਰਮਜੀਤ ਕੌਰ ਔਲਖ ਨੇ ਕਿਹਾ ਕਿ ਉਨ੍ਹਾਂ ਨੂੰ ਰੈਗੂਲਰ ਕਰਨ ਦੇ ਕਈ ਵਾਰ ਭਰੋਸੇ ਪਹਿਲਾਂ ਵੀ ਮਿਲੇ ਹਨ, ਪਰ ਕਦੇ ਅਮਲ ਨਹੀਂ ਹੋਇਆ, ਇਸ ਲਈ ਸੱਤ ਮਾਰਚ ਨੂੰ ਨੋਟੀਫਿਕੇਸ਼ਨ ਜਾਰੀ ਹੋਵੇ ਤਾਂ ਡਿਊਟੀ ਸ਼ੁਰੂ ਕਰਨਗੇ। ਯੂਨੀਅਨ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ 'ਤੇ ਸਵੇਰੇ ਹਸਪਤਾਲ ਪ੍ਰਸ਼ਾਸਨ ਨੇ ਦਬਾਅ ਬਣਾਇਆ ਕਿ ਉਹ ਦੋ ਵਜੇ ਤੱਕ ਡਿਊਟੀ ਸ਼ੁਰੂ ਕਰਨ, ਵਰਨਾ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ। ਇਸ ਦੇ ਬਾਅਦ ਪ੍ਰਸ਼ਾਸਨ ਅਧਿਕਾਰੀਆਂ ਨੇ ਵੀ ਇਹੀ ਗੱਲ ਕਹੀ ਤਾਂ ਉਨ੍ਹਾਂ ਨੇ ਡਿਊਟੀ 'ਤੇ ਜਾਣ ਲਈ ਦਸਤਖਤ ਕਰ ਦਿੱਤੇ। ਇਸ ਦੌਰਾਨ ਇਹ ਗੱਲ ਵੀ ਹੋਈ ਕਿ ਉਹ ਤਿੰਨ ਸ਼ਿਫਟਾਂ ਦੀ ਥਾਂ ਇੱਕ ਸ਼ਿਫਟ ਵਿੱਚ ਕੰਮ ਕਰਨਗੇ। ਬਾਅਦ ਵਿੱਚ ਨਰਸਿੰਗ ਸੁਪਰਡੈਂਟ ਆਫਿਸ ਨੇ ਉਨ੍ਹਾਂ ਨੂੰ ਤਿੰਨਾਂ ਸ਼ਿਫਟਾਂ ਵਿੱਚ ਡਿਊਟੀ ਕਰਨ ਨੂੰ ਕਿਹਾ, ਜਿਸ ਤੋਂ ਉਨ੍ਹਾਂ ਨਾਂਹ ਕਰ ਦਿੱਤੀ ਅਤੇ ਇੱਕ ਸ਼ਿਫਟ ਦਾ ਵੀ ਬਾਈਕਾਟ ਕਰ ਕੇ ਫਿਰ ਹੜਤਾਲ ਵਿੱਚ ਸ਼ਾਮਲ ਹੋ ਗਏ। ਯੂਨੀਅਨ ਮੈਂਬਰ ਮਨਪ੍ਰੀਤ ਕੌਰ ਮੋਗਾ ਨੇ ਕਿਹਾ ਕਿ ਕੁਝ ਨਰਸਾਂ ਨੇ ਡਿਊਟੀ ਸ਼ੁਰੂ ਕੀਤੀ ਹੈ, ਉਨ੍ਹਾਂ ਨਾਲ ਗੱਲਬਾਤ ਜਾਰੀ ਹੈ। ਜੇ ਉਹ ਲੋਕ ਵਾਪਸ ਹੜਤਾਲ ਵਿੱਚ ਨਹੀਂ ਆਉਂਦੇ ਤਾਂ ਉਨ੍ਹਾਂ ਨੂੰ ਯੂਨੀਅਨ ਤੋਂ ਬਾਹਰ ਕਰ ਦਿੱਤਾ ਜਾਏਗਾ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com



Multi Award Winner Realtor

CENTURY 21 PRESIDENT

KAMAL SANDHU
Sales Representative
647.891.0143
905.488.2100 ext. 407



## ਹਾਈ ਵੋਲਟੇਜ਼ ਤਾਰਾਂ ਨਾਲ ਪਾਈਪ ਛੂਹਿਆ, ਦੋ ਬੱਚਿਆਂ ਦੀ ਮੌਤ

ਸਿਰਸਾ, 4 ਮਾਰਚ (ਪੋਸਟ ਬਿਊਰੋ)- ਖੇਡ ਖੇਡ ਵਿੱਚ ਇਕ ਬੱਚੇ ਕੋਲੋਂ ਲੋਹੇ ਦਾ ਪਾਈਪ ਹਾਈ ਵੋਲਟੇਜ਼ ਤਾਰਾਂ ਨਾਲ ਲੱਗ ਗਿਆ ਤਾਂ ਇਸ ਨਾਲ ਦੂਸਰੀ ਕਲਾਸ ਵਿੱਚ ਪੜ੍ਹਦੇ ਨੌਂ ਸਾਲਾ ਬੱਚੇ ਤੇ ਉਸ ਦੇ ਤਾਏ ਦੀ ਢਾਈ ਦੀ ਬੇਟੀ ਦੀ ਕਰੰਟ ਲੱਗਣ ਨਾਲ ਮੌਕੇ 'ਤੇ ਮੌਤ ਹੋ ਗਈ, ਜਦ ਕਿ 10 ਸਾਲ ਦੀ ਭੈਣ ਅਤੇ ਪਿਤਾ ਝੁਲਸ ਗਏ। ਮਿਲੀ ਜਾਣਕਾਰੀ ਅਨੁਸਾਰ ਮਾਨਸਾ ਜ਼ਿਲ੍ਹੇ ਦੇ ਪਿੰਡ ਝੰਡਾ ਕਲਾਂ ਦੇ ਰਾਜਵੀਰ ਦਾ ਪਰਵਾਰ ਸਿਰਸਾ ਦੇ ਪ੍ਰੀਤ ਨਗਰ ਵਿੱਚ ਰਹਿੰਦਾ ਹੈ। ਕੱਲ੍ਹ ਸਵੇਰੇ ਰਾਜਵੀਰ ਬੱਚਿਆਂ ਦੇ ਨਾਲ ਛੱਤ 'ਤੇ ਸੀ। ਇਸੇ ਦੌਰਾਨ ਨੌਂ ਸਾਲ ਦੇ ਬੇਟੇ ਸੁਖਦੀਪ ਸਿੰਘ ਉਰਫ ਨੂਰ ਨੇ ਖੇਡ ਖੇਡ ਵਿੱਚ ਉਥੇ ਪਿਆ ਹੋਰਡਿੰਗ ਦਾ ਪਾਇਪ ਚੁੱਕਿਆ ਤਾਂ ਇਹ ਘਰ ਤੋਂ ਦੋ ਫੁੱਟ ਦੂਰੋਂ ਲੰਘਦੀ 11 ਕੇ ਵੀ ਵੋਲਟੇਜ਼ ਦੀ ਲਾਈਨ ਨਾਲ ਟਚ ਕਰ ਗਿਆ। ਇਸ ਤੋਂ ਸੁਖਦੀਪ ਨੂੰ ਕਰੰਟ ਲੱਗ ਗਿਆ ਤਾਂ ਢਾਈ ਸਾਲਾ ਪ੍ਰਿੰਸੀ ਨੇ ਵੀ ਉਸ ਨੂੰ ਫੜ ਲਿਆ। ਬਚਾਉਣ ਆਏ ਰਾਜਵੀਰ ਅਤੇ ਉਸ ਦੀ ਵੱਡੀ ਬੇਟੀ 10 ਸਾਲਾ ਰਾਜਮੀਤ ਵੀ ਝੁਲਸ ਗਈ।

# ਜੈਸ਼ ਦੇ 'ਗਜ਼ਵਾ-ਏ-ਹਿੰਦ' ਕਾਰਨ ਭਾਰਤ-ਪਾਕਿ 'ਚ ਦੋ ਵਾਰ ਜੰਗ ਹੁੰਦੀ ਮਸਾਂ ਬਚੀ ਸੀ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ 'ਗਜ਼ਵਾ-ਏ-ਹਿੰਦ' ਦੇ ਅੱਤਵਾਦੀ ਹਮਲਿਆਂ ਨੇ ਇਸ ਨੂੰ ਸਭ ਤੋਂ ਘਾਤਕ ਅੱਤਵਾਦੀ ਸੰਗਠਨਾਂ ਵਿੱਚ ਸ਼ਾਮਲ ਕਰ ਦਿੱਤਾ ਹੈ ਤੇ ਪਿਛਲੇ ਦੋ ਦਹਾਕਿਆਂ ਵਿੱਚ ਇਸ ਦੇ ਹਮਲਿਆਂ ਕਾਰਨ ਭਾਰਤ-ਪਾਕਿਸਤਾਨ ਦੋ ਵਾਰ ਜੰਗ ਕੰਢੇ 'ਤੇ ਪੁੱਜ ਚੁੱਕੇ ਹਨ।



ਬੀਤੇ 20 ਸਾਲਾਂ ਵਿੱਚ ਜੈਸ਼ ਦੇ ਸਭ ਤੋਂ ਘਾਤਕ ਹਮਲਿਆਂ ਵਿੱਚ ਪਠਾਨਕੋਟ 'ਚ ਹਵਾਈ ਫੌਜ ਦੇ ਅੱਡੇ, ਉੜੀ ਵਿੱਚ ਸੈਨਿਕ ਬ੍ਰਿਗੇਡ ਹੈਡਕੁਆਟਰਜ਼, ਸ੍ਰੀਨਗਰ ਵਿੱਚ ਬਦਾਮੀਬਾਗ ਛਾਉਣੀ ਅਤੇ ਜੰਮੂ ਤੇ ਕਸ਼ਮੀਰ ਵਿਧਾਨ ਸਭਾ 'ਤੇ ਬੰਬ ਸੁੱਟਣ ਵਰਗੇ ਹਮਲੇ ਸ਼ਾਮਲ ਹਨ। ਸਾਲ 2001 ਵਿੱਚ ਜਦੋਂ ਜੈਸ਼ ਨੇ ਭਾਰਤੀ ਪਾਰਲੀਮੈਂਟ ਉੱਤੇ ਹਮਲਾ ਕੀਤਾ ਤਾਂ ਭਾਰਤ ਤੇ ਪਾਕਿਸਤਾਨ ਲਗਭਗ ਜੰਗ ਦੇ ਕਿਨਾਰੇ ਪਹੁੰਚ ਗਏ ਅਤੇ ਫਿਰ ਪੁਲਵਾਮਾ ਵਿੱਚ 14 ਫਰਵਰੀ ਨੂੰ ਸੀ ਆਰ ਪੀ ਐਫ 'ਤੇ ਆਤਮਘਾਤੀ ਹਮਲੇ ਕਾਰਨ ਇਹੀ ਸਥਿਤੀ ਪੈਦਾ ਹੋ ਗਈ ਸੀ। ਇਸ ਹਮਲੇ ਵਿੱਚ 40 ਜਵਾਨ ਮਾਰੇ ਗਏ ਸਨ।

ਅੱਤਵਾਦੀ ਗਰੁੱਪ, ਜਿਸ ਦੇ ਅਲ ਕਾਇਦਾ ਨਾਲ ਨੇੜਲੇ ਸਬੰਧ ਹਨ, ਨੇ 27 ਨਵੰਬਰ 2017 ਨੂੰ ਪਾਕਿਸਤਾਨ ਦੇ ਓਕਾੜਾ ਜ਼ਿਲੇ ਵਿੱਚ ਇਕ ਕਾਨਫਰੰਸ ਵਿੱਚ ਪ੍ਰਣ ਕੀਤਾ ਸੀ ਕਿ ਭਾਰਤ ਪਾਕਿਸਤਾਨ ਦੇ ਸਬੰਧਾਂ ਦਾ ਖਿਆਲ ਨਾ ਕਰਦਿਆਂ ਉਹ ਭਾਰਤ ਖਿਲਾਫ 'ਗਜ਼ਵਾ-ਏ-ਹਿੰਦ' ਜਾਰੀ ਰੱਖੇਗਾ। ਜੈਸ਼ ਦੇ ਅਲ ਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਦੇ ਨਾਲ ਨੇੜਲੇ ਸਬੰਧ ਸਨ ਅਤੇ ਇਸ ਦਾ ਗਠਨ 31 ਦਸੰਬਰ 1999 ਨੂੰ ਇੰਡੀਅਨ ਏਅਰਲਾਈਨਜ਼ ਦੀ ਅਗਵਾ ਕੀਤੇ ਜਹਾਜ਼ ਆਈ ਸੀ 814 ਦੇ ਯਾਤਰੀਆਂ ਬਦਲੇ ਸੰਗਠਨ ਦੇ ਮਾਸਟਰ ਮਾਈਂਡ ਮਸੂਦ ਅਜ਼ਹਰ ਦੀ ਰਿਹਾਈ ਪਿੱਛੋਂ ਕੀਤਾ ਗਿਆ ਸੀ। ਇਸ ਸੰਗਠਨ ਨੇ ਜੰਮੂ ਤੇ ਕਸ਼ਮੀਰ ਵਿੱਚ ਕਈ ਅੱਤਵਾਦੀ ਹਮਲੇ ਕੀਤੇ ਹਨ। ਇਸ ਨੇ ਅਪ੍ਰੈਲ 2000 ਵਿੱਚ ਇਕ ਮੋਟਰ ਗੱਡੀ ਵਿੱਚ ਲੱਦੇ ਦੇਸੀ ਬੰਬ ਨਾਲ ਧਮਾਕਾ ਕਰਕੇ 30 ਫੌਜੀ ਮਾਰ ਦਿੱਤੇ ਸਨ। ਜੂਨ 2000 ਵਿੱਚ ਸ੍ਰੀਨਗਰ 'ਚ ਬਟਮੱਲੂ ਵਿਖੇ ਬੱਸ ਅੱਡੇ 'ਤੇ ਤਿੰਨ ਪੁਲਸ ਮੁਲਾਜ਼ਮਾਂ ਨੂੰ ਮਾਰ ਦਿੱਤਾ ਸੀ। ਇਕ ਅਕਤੂਬਰ 2001 ਨੂੰ ਜੰਮੂ ਤੇ ਕਸ਼ਮੀਰ ਵਿਧਾਨ ਸਭਾ ਵਿੱਚ ਬੰਬ ਧਮਾਕਾ ਕੀਤਾ ਗਿਆ, ਜਿਸ ਵਿੱਚ 31 ਵਿਅਕਤੀ ਮਾਰੇ ਗਏ ਤੇ 13 ਦਸੰਬਰ 2001 ਵਿੱਚ ਪਾਰਲੀਮੈਂਟ 'ਤੇ ਹਮਲਾ ਕੀਤਾ ਜਿਸ ਵਿੱਚ 9 ਸੁਰੱਖਿਆ ਮੁਲਾਜ਼ਮ ਮਾਰੇ ਗਏ ਸਨ।

### ਵਿਰੋਧੀ ਪਾਰਟੀ ਦਾ ਫੈਸਲਾ:

# ਸ਼ਹਾਦਤ ਨੂੰ ਚੋਣ ਹਥਿਆਰ ਨਹੀਂ ਬਣਨ ਦਿੱਤਾ ਜਾਵੇਗਾ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਲੋਕ ਸਭਾ ਚੋਣਾਂ ਨੂੰ ਰਾਸ਼ਟਰਵਾਦ ਦੀ ਪਿੱਚ 'ਤੇ ਲਿਜਾਣ ਦੀ ਭਾਜਪਾ ਦੀ ਰਣਨੀਤੀ ਨੂੰ ਰੋਕਣ ਲਈ ਵਿਰੋਧੀ ਪਾਰਟੀਆਂ ਨੇ ਸਾਂਝੀ ਰਣਨੀਤੀ ਬਣਾਉਣ ਦੇ ਸੰਕੇਤ ਦਿੱਤੇ ਹਨ। ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਪਿੱਛੋਂ ਵਿਰੋਧੀ ਧਿਰਾਂ ਖੁੱਲ੍ਹੇ ਤੌਰ 'ਤੇ ਭਾਜਪਾ ਤੇ ਸਰਕਾਰ ਦੇ ਇਸ ਸਿਆਸੀ ਦਾਅ ਨੂੰ ਰੋਕਣ ਦੀ ਕੋਸ਼ਿਸ਼ ਕਰਨਗੀਆਂ। ਉਨ੍ਹਾਂ ਵੱਲੋਂ ਭਾਜਪਾ ਨੂੰ ਛੇਤੀ ਹੋਣ ਵਾਲੀ ਅਗਲੀ ਬੈਠਕ 'ਚ ਸੈਨਿਕਾਂ ਦੀ ਸ਼ਹਾਦਤ ਨੂੰ ਚੋਣ ਫਾਇਦੇ ਲਈ ਵਰਤਣ ਖਿਲਾਫ ਸੱਤਾ ਧਿਰ ਨੂੰ ਚਿਤਾਵਨੀ ਦਿੱਤੀ ਜਾਵੇਗੀ।



ਵਿਰੋਧੀ ਧਿਰ ਦੀਆਂ ਪਾਰਟੀਆਂ ਦਾ ਮੰਨਣਾ ਹੈ ਕਿ ਪਾਕਿਸਤਾਨ ਖਿਲਾਫ ਫੌਜੀ ਕਾਰਵਾਈ ਨੂੰ ਸਰਕਾਰ ਤੇ ਭਾਜਪਾ ਚੋਣਾਂ 'ਚ ਸਿਆਸੀ ਹਥਿਆਰ ਬਣਾਉਣ ਦੀ ਤਿਆਰੀ 'ਚ ਹਨ। ਸੱਤਾ ਧਿਰ ਦੀ ਇਹ ਰਣਨੀਤੀ ਜ਼ਾਹਿਰ ਤੌਰ 'ਤੇ ਵਿਰੋਧੀ ਧਿਰ ਦੀ ਚੋਣਾਂ ਬਾਰੇ ਚਿੰਤਾ ਨੂੰ ਵਧਾਉਣ ਵਾਲੀ ਹੈ। ਇਸ ਲਈ ਵਿਰੋਧੀ ਧਿਰ ਨੂੰ ਇਸ 'ਤੇ ਸਾਂਝੀ ਰਣਨੀਤੀ ਦੀ ਜ਼ਿਆਦਾ ਜ਼ਰੂਰਤ ਮਹਿਸੂਸ ਹੋ ਰਹੀ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਬੀਤੇ ਦੋ ਦਿਨ ਦੌਰਾਨ ਵਿਰੋਧੀ ਧਿਰ ਦੇ ਕਈ ਸੀਨੀਅਰ ਆਗੂਆਂ ਦੀ ਇਸ ਮਸਲੇ 'ਤੇ ਗੈਰ ਰਸਮੀ ਗੱਲਬਾਤ ਹੋਈ ਹੈ। ਟੀ ਡੀ ਪੀ ਨੇਤਾ ਚੰਦਰਬਾਬੂ ਨਾਇਡੂ ਨੇ ਇਸ ਸਿਲਸਿਲੇ 'ਚ ਕਾਂਗਰਸ ਲੀਡਰਸ਼ਿਪ ਤੋਂ ਇਲਾਵਾ ਐਨ ਸੀ ਪੀ ਨੇਤਾ ਸ਼ਰਦ ਪਵਾਰ, ਸਟਾਲਿਨ, ਮਮਤਾ ਬੈਨਰਜੀ, ਫਾਰੂਖ ਅਬਦੁੱਲਾ ਤੋਂ ਇਲਾਵਾ ਖੱਬੇ ਪੱਖੀ ਆਗੂਆਂ ਨਾਲ ਵਿਸ਼ੇਸ਼ ਚਰਚਾ ਕੀਤੀ ਹੈ। ਵਿਰੋਧੀ ਧਿਰ ਦੇ ਆਗੂਆਂ ਦੀ ਰਾਏ ਸੀ ਕਿ ਅੱਤਵਾਦ 'ਤੇ ਪਾਕਿਸਤਾਨ ਖਿਲਾਫ ਜੰਗ 'ਚ ਸਾਰੀਆਂ ਪਾਰਟੀਆਂ ਸਰਕਾਰ ਦੇ ਨਾਲ ਹਨ, ਪਰ ਸਰਕਾਰ ਤੇ ਭਾਜਪਾ ਵਿਰੋਧੀ ਦਲਾਂ ਦੇ ਉਚਿਤ ਸਵਾਲਾਂ ਨੂੰ ਦੇਸ਼ ਵਿਰੋਧ ਦੇ ਰੂਪ 'ਚ ਪ੍ਰਚਾਰਤ ਕਰਨ ਦਾ ਯਤਨ ਕਰਦੀ ਹੈ। ਇਸ ਲਈ ਵਿਰੋਧੀ ਦਲਾਂ ਨੂੰ ਇਕੱਠੇ ਹੋ ਕੇ ਸਰਕਾਰ ਦੇ ਇਸ ਮਾੜੇ ਪ੍ਰਚਾਰ ਨੂੰ ਰੋਕਣਾ ਪਵੇਗਾ। ਸੂਤਰਾਂ ਨੇ ਦੱਸਿਆ ਕਿ ਇਸ ਹੇਠ ਸਿਖਰਲੇ ਵਿਰੋਧੀ ਆਗੂਆਂ ਵੱਲੋਂ ਦੇਸ਼ ਦੀ ਜਨਤਾ ਦੇ ਨਾਂ ਇਕ ਸਾਂਝੀ ਅਪੀਲ ਵੀ ਜਾਰੀ ਕੀਤੀ ਜਾ ਸਕਦੀ ਹੈ।

ਇਨ੍ਹਾਂ ਪਾਰਟੀਆਂ ਦੇ ਨੇੜ ਵਾਲੇ ਸੂਤਰਾਂ ਨੇ ਦੱਸਿਆ ਕਿ ਵਿਰੋਧੀ ਧਿਰ ਦੇ ਆਗੂਆਂ 'ਚ ਆਮ ਰਾਇ ਹੈ ਕਿ ਅਗਲੀ ਬੈਠਕ 'ਚ ਸੈਨਾਵਾਂ ਦੀ ਬਹਾਦਰੀ ਨੂੰ ਚੋਣ ਲਾਭ ਲਈ ਵਰਤਣ ਤੋਂ ਰੋਕਣ 'ਤੇ ਚਰਚਾ ਕਰਕੇ ਸਾਂਝੀ ਰਣਨੀਤੀ ਤੈਅ ਕੀਤੀ ਜਾਵੇਗੀ। ਚੋਣ ਕਮਿਸ਼ਨਰ ਇਸੇ ਹਫਤੇ ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਦੀ ਤਿਆਰੀ 'ਚ ਹੈ। ਇਸ ਦੇ ਚੋਣ ਪ੍ਰੋਗਰਾਮ ਤੋਂ ਬਾਅਦ ਇਸ ਬਾਰੇ ਵਿਰੋਧੀ ਪਾਰਟੀਆਂ ਦੀ ਰਣਨੀਤੀ ਤੋਂ ਸਾਫ ਹੈ ਕਿ ਸੈਨਿਕਾਂ ਦੀ ਸ਼ਹਾਦਤ ਦੇ ਮਸਲੇ 'ਤੇ ਉਹ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਬੋਲਣਾ ਚਾਹੁੰਦੀਆਂ ਹਨ।

ਇਸ ਤੋਂ ਪਹਿਲਾਂ 21 ਵਿਰੋਧੀ ਦਲਾਂ ਦੀ 27 ਫਰਵਰੀ ਨੂੰ ਹੋਈ ਬੈਠਕ 'ਚ ਹੀ ਸੈਨਿਕਾਂ ਦੀ ਸ਼ਹਾਦਤ ਦੇ ਸਿਆਸੀ ਇਸਤੇਮਾਲ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਸਰਕਾਰ ਨੂੰ ਇਸ ਤੋਂ ਬਾਜ਼ ਆਉਣ ਦੀ ਸਲਾਹ ਦਿੱਤੀ ਗਈ ਸੀ। ਵਿਰੋਧੀ ਦਲਾਂ ਦੀ ਇਸ ਸਲਾਹ ਮਗਰੋਂ ਵੀ ਹਾਕਮ ਪਾਰਟੀ ਨੇ ਪੁਲਵਾਮਾ ਹਮਲੇ ਤੋਂ ਬਾਅਦ ਸਰਕਾਰ ਦੇ ਪਾਕਿਸਤਾਨ ਖਿਲਾਫ ਸਾਹਸੀ ਫੈਸਲੇ ਨੂੰ ਚੋਣ ਮੁੱਦਾ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ। ਭਾਜਪਾ ਦੇ ਸੀਨੀਅਰ ਆਗੂ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਯੇਦੀਯੁਰੱਪਾ ਨੇ ਬਾਲਾਕੋਟ ਵਿੱਚ ਹਵਾਈ ਫੌਜ ਦੇ ਹਮਲੇ ਤੋਂ ਬਾਅਦ ਸੂਬੇ 'ਚ ਭਾਜਪਾ ਦੇ 22 ਸੀਟਾਂ ਜਿੱਤਣ ਦਾ ਦਾਅਵਾ ਕਰ ਦਿੱਤਾ। ਕਈ ਰਾਜਾਂ ਤੋਂ ਭਾਜਪਾ ਆਗੂਆਂ ਦੇ ਚੋਣ ਪੋਸਟਰ 'ਚ ਸੈਨਿਕਾਂ ਦੀਆਂ ਤਸਵੀਰਾਂ ਲਾਈਆਂ ਜਾ ਰਹੀਆਂ ਹਨ। ਦਿੱਲੀ ਦੇ ਭਾਜਪਾ ਪ੍ਰਧਾਨ ਮਨੋਜ ਤਿਵਾੜੀ ਨੇ ਕੱਲ੍ਹ ਫੌਜੀ ਵਰਦੀ ਪਾ ਕੇ ਸਿਆਸਤ ਚਮਕਾਉਣ ਤੋਂ ਪਰਹੇਜ਼ ਨਹੀਂ ਕੀਤਾ।

## ਸਰਕਾਰੀ ਕੰਪਨੀਆਂ ਦੀ ਜਾਇਦਾਦ ਵੇਚਣ ਦੇ ਕੰਮ ਵਿੱਚ ਤੇਜ਼ੀ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਭਾਰਤ ਦੀਆਂ ਸਰਕਾਰੀ ਕੰਪਨੀਆਂ ਵਿੱਚ ਕਾਰਪੋਰੇਟ ਪੱਧਰ 'ਤੇ ਵਿਨਿਵੇਸ਼ ਦੇ ਬਾਅਦ ਸਰਕਾਰ ਇਨ੍ਹਾਂ ਕੰਪਨੀਆਂ ਦੇ ਗੈਰ ਜ਼ਰੂਰੀ ਏਸੈਟ ਦੀ ਵਿਕਰੀ ਦੀ ਰਣਨੀਤੀ ਤਿਆਰ ਕਰਨ ਵਿੱਚ ਲੱਗ ਗਈ ਹੈ। ਇਸ ਰਣਨੀਤੀ ਹੇਠ ਕੰਪਨੀਆਂ ਦੀ ਵਾਧੂ ਜ਼ਮੀਨ ਅਤੇ ਇਮਾਰਤਾਂ ਦੀ ਵਿਕਰੀ ਨਾਲ ਸਾਧਨ ਜੁਟਾਉਣ ਦੀ ਯੋਜਨਾ ਹੈ। ਵਿਕਰੀ ਦੇ ਇਲਾਵਾ ਇਨ੍ਹਾਂ ਕਾਰੋਬਾਰੀ ਇਸਤੇਮਾਲ ਦੀਆਂ ਸੰਭਾਵਨਾਵਾਂ ਵੀ ਤਲਾਸ਼ੀਆਂ ਜਾਣਗੀਆਂ।



ਸਰਕਾਰ ਨੇ ਕੇਂਦਰੀ ਜਨਤਕ ਅਦਾਰਿਆਂ ਦੇ ਨਾਨ-ਕੋਰ ਏਸੈਟ ਦੀ ਜਾਇਦਾਦ ਵੇਚਣ ਦਾ ਖਾਕਾ ਤਿਆਰ ਕਰਨ ਦਾ ਜ਼ਿੰਮਾ ਨੀਤੀ ਕਮਿਸ਼ਨ ਨੂੰ ਸੌਂਪਿਆ ਹੈ। ਵਿੱਤ ਮੰਤਰਾਲੇ ਦੇ ਡਿਪਾਰਟਮੈਂਟ ਆਫ ਇਨਵੈਸਟਮੈਂਟ ਐਂਡ ਪਬਲਿਕ ਏਸੈਟ ਮੈਨੇਜਮੈਂਟ (ਦੀਪਮ) ਨੇ ਕਮਿਸ਼ਨ ਤੋਂ ਜਨਤਕ ਅਦਾਰਿਆਂ ਦੀਆਂ ਅਜਿਹੀਆਂ ਜਾਇਦਾਦਾਂ ਦੀ ਸੂਚੀ ਦੇ ਨਾਲ-ਨਾਲ ਉਨ੍ਹਾਂ ਦੀ ਵਿਕਰੀ ਅਤੇ ਵਰਤੋਂ ਦੇ ਤੌਰ ਤਰੀਕਿਆਂ ਦੀ ਸਿਫਾਰਸ਼ ਕਰਨ ਨੂੰ ਕਿਹਾ ਹੈ। ਮੰਤਰਾਲੇ ਦੇ ਇੱਕ ਅਧਿਕਾਰੀ ਦਾ ਮੰਨਣਾ ਹੈ ਕਿ ਨੀਤੀ ਕਮਿਸ਼ਨ ਨੂੰ ਇਸ ਕੰਮ ਨੂੰ ਪੂਰਾ ਕਰਨ ਵਿੱਚ ਛੇ ਮਹੀਨੇ ਦਾ ਸਮਾਂ ਲੱਗ ਸਕਦਾ ਹੈ।

ਦੱਸਿਆ ਜਾ ਰਿਹਾ ਹੈ ਕਿ ਇਸ ਰਣਨੀਤੀ ਹੇਠ ਮੁਨਾਫਾ ਕਮਾਉਣ ਤੇ ਘਾਟੇ ਵਾਲੀਆਂ ਦੋਵੇਂ ਤਰ੍ਹਾਂ ਦੀਆਂ ਸਰਕਾਰੀ ਕੰਪਨੀਆਂ ਨੂੰ ਸ਼ਾਮਲ ਕੀਤਾ ਜਾਏਗਾ। ਵਿੱਤ ਮੰਤਰਾਲੇ ਦਾ ਮੰਨਣਾ ਹੈ ਕਿ ਇਸ ਪ੍ਰਕਿਰਿਆ ਨਾਲ ਸ਼ੇਅਰ ਧਾਰਕਾਂ ਦੇ ਲਈ ਕੰਪਨੀਆਂ ਦੀ ਵੈਲਿਊ ਵਧਾਉਣ ਵਿੱਚ ਮਦਦ ਮਿਲੇਗੀ। ਨੀਤੀ ਕਮਿਸ਼ਨ ਦੀ ਰਿਪੋਰਟ ਤਿਆਰ ਹੋਣ ਪਿੱਛੋਂ ਵਿੱਤ ਮੰਤਰੀ ਦੀ ਅਗਵਾਈ ਵਾਲਾ ਵਿਨਿਵੇਸ਼ ਦੀ ਬਦਲਵਾਂ ਤੰਤਰ ਇਸ ਦੇ ਵਿਚਾਰ ਕਰੇਗਾ। ਰਿਪੋਰਟ ਦੀਆਂ ਸਿਫਾਰਸ਼ਾਂ ਦੇ ਮੁਤਾਬਕ ਵਿਚਾਰ ਕਰ ਕੇ ਇਹ ਤੰਤਰ ਕੰਪਨੀਆਂ ਦੀ ਚੋਣ ਕਰੇਗਾ ਜਿਸ 'ਤੇ ਉਨ੍ਹਾਂ ਦੇ ਪ੍ਰਸ਼ਾਸਨਿਕ ਮੰਤਰਾਲੇ ਦੀ ਮਦਦ ਨਾਲ ਕਾਰਵਾਈ ਕੀਤੀ ਜਾਏਗੀ। ਸਰਕਾਰ ਅਜੇ ਤੱਕ ਵਿਨਿਵੇਸ਼ ਲਈ ਕਾਰਪੋਰੇਟ ਪ੍ਰਕਿਰਿਆ ਅਪਨਾਉਂਦੀ ਆਈ ਹੈ। ਇਸ ਦੇ ਤਹਿਤ ਜਾਂ ਤਾਂ ਬਾਜ਼ਾਰ ਵਿੱਚ ਕੰਪਨੀਆਂ ਦੇ ਸ਼ੇਅਰਾਂ ਦੀ ਵਿਕਰੀ ਕੀਤੀ ਜਾਂਦੀ ਜਾਂ ਰਣਨੀਤਕ ਵਿਕਰੀ ਦੇ ਤਹਿਤ ਕੰਪਨੀ ਦੀ ਵੱਡੀ ਹਿੱਸੇਦਾਰੀ ਇਕਮੁਸ਼ਤ ਕਿਸੇ ਨਿਵੇਸ਼ਕ ਨੂੰ ਵੇਚੀ ਜਾਂਦੀ ਹੈ, ਪ੍ਰੰਤੂ ਹੁਣ ਕੰਪਨੀ ਦੇ ਵੱਖ-ਵੱਖ ਏਸੈਟ ਦੀ ਵਿਕਰੀ ਦੇ ਜ਼ਰੀਏ ਸਰਕਾਰ ਕਰਮਚਾਰੀਆਂ ਦੀ ਅਸਲ ਕੀਮਤ ਦਾ ਲਾਭ ਉਠਾਉਣਾ ਚਾਹੁੰਦੀ ਹੈ।

## ਭਾਰਤ ਵਿੱਚ 2020 ਤੱਕ 52 ਲੱਖ ਟਨ ਈ-ਕਚਰਾ ਹੋ ਸਕਦੈ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਡਿਜੀਟਲ ਕ੍ਰਾਂਤੀ ਅਤੇ ਉਦਯੋਗਿਕ ਖੇਤਰ ਵਿੱਚ ਲਗਾਤਾਰ ਹੋ ਰਹੇ ਬਦਲਾਅ ਕਾਰਨ ਸਾਲ 2020 ਤੱਕ ਦੇਸ਼ ਵਿੱਚ ਈ-ਕਚਰਾ ਦਾ ਉਤਪਾਦਨ ਵਧ ਕੇ 52 ਲੱਖ ਟਨ ਤੱਕ ਹੋ ਸਕਦਾ ਹੈ। 2016 ਵਿੱਚ ਦੇਸ਼ ਦਾ ਕੁੱਲ ਈ-ਕਚਰਾ 20 ਲੱਖ ਟਨ ਸੀ। ਉਦਯੋਗ ਸੰਗਠਨ ਐਸੋਚੈਮ ਅਤੇ ਈ ਵਾਈ ਦੇ ਸਾਂਝੇ ਸਰਵੇ ਦੇ ਮੁਤਾਬਕ ਸਮਾਜਕ ਅਤੇ ਆਰਥਿਕ ਵਿਕਾਸ, ਡਿਜੀਟਲ ਬਦਲਾਅ, ਤੇਜ਼ੀ ਨਾਲ ਉਨਤ ਹੁੰਦੀ ਤਕਨੀਕ ਅਤੇ ਵਿਕਸਿਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਅਤੇ ਅਵਿਕਸਿਤ ਦੇਸ਼ਾਂ ਵਿੱਚ ਇਲੈਕਟ੍ਰੀਕਲ ਤੇ ਇਲੈਕਟ੍ਰਾਨਿਕ ਕਚਰਾ ਸੁੱਟੇ ਜਾਣ ਕਾਰਨ ਦੇਸ਼ ਵਿੱਚ ਈ-ਕਚਰਾ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਸਭ ਤੋਂ ਵੱਧ ਈ-ਕਚਰਾ ਪੈਦਾ ਕਰਨ ਕਰਨ ਵਾਲੇ ਦੁਨੀਆ ਦੇ ਪੰਜ ਦੇਸ਼ਾਂ ਵਿੱਚ ਭਾਰਤ ਵੀ ਸ਼ਾਮਲ ਹੈ। ਹੋਰ ਚਾਰ ਦੇਸ਼ ਚੀਨ, ਅਮਰੀਕਾ, ਜਾਪਾਨ ਅਤੇ ਜਰਮਨੀ ਹਨ।

ਭਾਰਤ ਵਿੱਚ ਸਭ ਤੋਂ ਵੱਧ ਈ-ਕਚਰਾ ਮਹਾਰਾਸ਼ਟਰ ਵਿੱਚ ਹੁੰਦਾ ਹੈ। ਦੇਸ਼ ਵਿੱਚ ਪੈਦਾ ਕੁੱਲ ਈ-ਕਚਰਾ ਵਿੱਚ ਮਹਾਰਾਸ਼ਟਰ ਦਾ ਯੋਗਦਾਨ 19.8 ਫੀਸਦੀ ਹੈ, ਪਰ ਇਹ ਰਾਜ ਹਰ ਸਾਲ ਸਿਰਫ 47810 ਟਨ ਈ-ਕਚਰੇ ਦੀ ਰਿਸਾਈਕਲਿੰਗ ਕਰਦਾ ਹੈ। ਤਾਮਿਲ ਨਾਡੂ ਦਾ ਯੋਗਦਾਨ 13 ਫੀਸਦੀ ਹੈ ਅਤੇ ਇਹ 53,427 ਟਨ ਦੀ ਰਿਸਾਈਕਲਿੰਗ ਕਰਦਾ ਹੈ। ਇਸ ਦੇ ਇਲਾਵਾ ਕੁੱਲ ਈ-ਕਚਰੇ ਵਿੱਚ ਉਤਰ ਪ੍ਰਦੇਸ਼ ਦਾ ਯੋਗਦਾਨ 10.1 ਫੀਸਦੀ ਦਾ ਹੈ ਤੇ ਇਹ ਕਰੀਬ 86,130 ਟਨ ਕਚਰੇ ਦੀ ਰਿਸਾਈਕਲਿੰਗ ਕਰਦਾ ਹੈ। ਪੱਛਮੀ ਬੰਗਾਲ ਦਾ ਯੋਗਦਾਨ 9.8 ਫੀਸਦੀ, ਦਿੱਲੀ ਦਾ 9.5 ਫੀਸਦੀ, ਕਰਨਾਟਕ ਦਾ 8.9 ਫੀਸਦੀ, ਗੁਜਰਾਤ ਦਾ 8.8 ਫੀਸਦੀ ਅਤੇ ਮੱਧ ਪ੍ਰਦੇਸ਼ ਦਾ 7.6 ਫੀਸਦੀ ਹੈ।

## ਪਹਿਰੇਦਾਰ ਨੇ ਬੇਟੇ ਤੇ ਜਵਾਈ ਨਾਲ ਆਸ਼ਰਮ ਤੋਂ ਲੱਖਾਂ ਦੀ ਚੋਰੀ ਕੀਤੀ

ਬਰਵਾਲਾ, 4 ਮਾਰਚ (ਪੋਸਟ ਬਿਊਰੋ)- ਪ੍ਰਸ਼ਾਸਨ ਵੱਲੋਂ ਦੌਲਤਪੁਰ ਮਾਰਗ ਉਤੇ ਰਾਮਪਾਲ ਦੇ ਸਤਲੋਕ ਆਸ਼ਰਮ ਵਿੱਚ ਇਸ ਦੀ ਪਹਿਰੇਦਾਰੀ ਲਈ ਰੱਖੇ ਗਏ ਇਕ ਏ ਐਸ ਆਈ ਨੇ ਆਪਣੇ ਬੇਟੇ ਤੇ ਜਵਾਈ ਦੇ ਨਾਲ ਮਿਲ ਕੇ ਆਸ਼ਰਮ ਵਿੱਚ ਲੱਖਾਂ ਰੁਪਏ ਦੇ ਸਾਮਾਨ 'ਤੇ ਹੱਥ ਸਾਫ ਕਰ ਦਿੱਤਾ ਹੈ। ਪੁਲਸ ਨੇ ਆਸ਼ਰਮ ਦੇ ਮੈਨੇਜਰ ਬਲਜੀਤ ਸਿੰਘ ਦੀ ਸ਼ਿਕਾਇਤ 'ਤੇ ਆਸ਼ਰਮ ਦੀ ਗਾਰਦ ਵਿੱਚ ਲੱਗੇ ਏ ਐਸ ਆਈ ਕ੍ਰਿਸ਼ਨ ਕੁਮਾਰ, ਬੇਟੇ ਰਵੀ, ਜਵਾਈ ਮੱਖਣ, ਰਵੀ ਦੇ ਦੋਸਤ ਵਿਨੋਦ ਤੇ ਏ ਐਸ ਆਈ ਦੇ ਕੁੜਮ ਪ੍ਰਤਾਪ ਜਾਖੜ ਦੇ ਖਿਲਾਫ ਚੋਰੀ ਸਮੇਤ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਕ੍ਰਿਸ਼ਨ, ਰਵੀ ਤੇ ਵਿਨੋਦ ਪਿੰਡ ਚਮਾਰਖੇੜਾ ਦੇ ਰਹਿਣ ਵਾਲੇ ਹਨ, ਜਦ ਕਿ ਮੱਖਣ ਤੇ ਪ੍ਰਤਾਪ ਜਾਖੜ ਪਿੰਡ ਭੈਣੀ ਬਾਦਸ਼ਾਹਪੁਰ ਨਿਵਾਸੀ ਹਨ। ਮੌਕੇ 'ਤੇ ਕਾਬੂ ਕੀਤੇ ਦੋਸ਼ੀ ਰਵੀ ਅਤੇ ਵਿਨੋਦ ਨੂੰ ਪੁਲਸ ਨੇ ਇਕ ਦਿਨਾ ਰਿਮਾਂਡ 'ਤੇ ਲਿਆ ਹੈ।



ਰਿਮਾਂਡ 'ਤੇ ਲਏ ਗਏ ਦੋਸ਼ੀਆਂ ਤੋਂ ਪੁਲਸ ਨੇ ਉਨ੍ਹਾਂ ਦੀ ਨਿਸ਼ਾਨਦੇਹੀ 'ਤੇ ਮੱਖਣ ਦੇ ਪਿੰਡ ਭੈਣੀ ਬਾਦਸ਼ਾਹਪੁਰ ਦੇ ਉਸ ਦੇ ਘਰ ਤੋਂ ਆਸਰਮ ਤੋਂ ਚੋਰੀ ਕੀਤਾ ਗਿਆ ਕਾਫੀ ਮਾਤਰਾ ਵਿੱਚ ਸਾਮਾਨ ਬਰਾਮਦ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਜੀਤ ਸਿੰਘ ਨੇ ਕਿਹਾ ਹੈ ਕਿ ਸਤਲੋਕ ਆਸ਼ਰਮ ਵਿੱਚ ਪਿਛਲੇ ਦੋ ਸਾਲ ਤੋਂ ਏ ਐਸ ਆਈ ਕ੍ਰਿਸ਼ਨ ਕੁਮਾਰ ਸਾਮਾਨ ਚੋਰੀ ਕਰਾ ਰਿਹਾ ਸੀ। ਜਦ ਇਸ ਦੀ ਉਨ੍ਹਾਂ ਨੂੰ ਜਾਣਕਾਰੀ ਮਿਲੀ ਤਾਂ ਦੋਸ਼ੀਆਂ ਨੂੰ ਰੰਗੇ ਹੱਥੀਂ ਫੜ ਲਿਆ। ਇਸ ਦੌਰਾਨ ਪੁਲਸ ਨੇ ਏ ਐਸ ਆਈ ਅਤੇ ਉਸ ਦੇ ਜਵਾਈ ਨੂੰ ਗ੍ਰਿਫਤਾਰ ਕਰ ਲਿਆ।

# ਪਛਾਣ-ਪੱਤਰ ਵਜੋਂ ਆਧਾਰ ਦੀ ਸਵੈ-ਇਛੁੱਕ ਵਰਤੋਂ ਕਰਨ ਦੇ ਆਰਡੀਨੈਂਸ ਨੂੰ ਮਨਜ਼ੂਰੀ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਰਾਸ਼ਟਰਪਤੀ ਰਾਮਾਥ ਕੋਵਿੰਦ ਨੇ ਮੋਬਾਈਲ ਸਿਮ ਕਾਰਡ ਲੈਣ ਤੇ ਬੈਂਕ ਖਾਤਾ ਖੁੱਲ੍ਹਵਾਉਣ ਵਿੱਚ ਪਛਾਣ ਪੱਤਰ ਵਜੋਂ ਆਧਾਰ ਦੀ ਸਵੈ-ਇਛੁੱਕ ਵਰਤੋਂ ਨੂੰ ਮਾਨਤਾ ਦੇਣ ਵਾਲੇ ਆਰਡੀਨੈਂਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਆਰਡੀਨੈਂਸ ਕੱਲ੍ਹ ਜਾਰੀ ਹੋਇਆ ਅਤੇ ਇਸ ਬਾਰੇ ਬਿੱਲ ਲੋਕ ਸਭਾ ਵਿੱਚ ਪਾਸ ਹੋਣ ਤੋਂ ਬਾਅਦ ਰਾਜ ਸਭਾ ਵਿੱਚ ਪਾਸ ਨਹੀਂ ਹੋ ਸਕਿਆ, ਜਿਸ ਕਾਰਨ ਸਰਕਾਰ ਨੂੰ ਇਹ ਆਰਡੀਨੈਂਸ ਲਿਆਉਣਾ ਪਿਆ।



ਮੰਤਰੀ ਮੰਡਲ ਨੇ ਆਧਾਰ ਅਤੇ ਦੋ ਹੋਰ ਬਿੱਲਾਂ ਵਿੱਚ ਪ੍ਰਸਤਾਵਿਤ ਬਦਲਾਵਾਂ ਨੂੰ ਅਮਲ ਵਿੱਚ ਲਾਗੂ ਕਰਨ ਲਈ ਪਿਛਲੇ ਹਫਤੇ ਆਰਡੀਨੈਂਸ ਲਿਆਉਣ ਨੂੰ ਮਨਜ਼ੂਰੀ ਦਿੱਤੀ ਸੀ। ਸੋਧ ਵਿੱਚ ਆਧਾਰ ਦੀ ਵਰਤੋਂ ਤੇ ਪ੍ਰਾਈਵੇਸੀ ਨਾਲ ਜੁੜੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਦਾਰਿਆਂ 'ਤੇ ਇੱਕ ਕਰੋੜ ਰੁਪਏ ਤੱਕ ਦਾ ਆਰਥਿਕ ਜੁਰਮਾਨਾ ਅਤੇ ਪਾਲਣਾ ਨਾ ਕਰਨਾ ਜਾਰੀ ਰੱਖਣ ਦੀ ਹਾਲਤ ਵਿੱਚ ਪ੍ਰਤੀ ਦਿਨ 10 ਲੱਖ ਰੁਪਏ ਦੇ ਵੱਖਰੇ ਜੁਰਮਾਨੇ ਦੀ ਵਿਵਸਥਾ ਹੈ। ਜੇ ਗੈਰ ਕਾਨੂੰਨੀ ਵਰਤੋਂ ਕਰਨ ਵਾਲਾ ਅਦਾਰਾ ਕੋਈ ਕੰਪਨੀ ਹੋਈ ਤਾਂ ਜੁਰਮਾਨਾ ਇੱਕ ਲੱਖ ਰੁਪਏ ਤੱਕ ਹੋ ਸਕਦਾ ਹੈ। ਆਰਡੀਨੈਂਸ ਦੇ ਰਾਹੀਂ ਆਧਾਰ ਕਾਨੂੰਨ ਵਿੱਚ ਇਹ ਬਦਲਾਅ ਵੀ ਕੀਤਾ ਗਿਆ ਹੈ ਕਿ ਕੋਈ ਵੀ ਬੱਚਾ 18 ਸਾਲ ਦਾ ਹੋ ਜਾਣ ਤੋਂ ਬਾਅਦ ਆਧਾਰ ਪ੍ਰੋਗਰਾਮ ਤੋਂ ਬਾਹਰ ਨਿਕਲਣ ਦਾ ਬਦਲ ਚੁਣ ਸਕਦਾ ਹੈ। ਆਰਡੀਨੈਂਸ ਰਾਹੀਂ ਆਧਾਰ ਕਾਨੂੰਨ ਦੀ ਧਾਰਾ 57 ਨੂੰ ਹਟਾ ਦਿੱਤਾ ਗਿਆ ਹੈ। ਇਹ ਧਾਰਾ ਨਿੱਜੀ ਕੰਪਨੀਆਂ, ਇਕਾਈਆਂ ਵੱਲੋਂ ਆਧਾਰ ਦੀ ਵਰਤੋਂ ਨਾਲ ਜੁੜੀ ਹੈ।

## ਆਈ ਏ ਐੱਸ ਖੇਮਕਾ ਦਾ 27 ਸਾਲਾ ਕਰੀਅਰ ਵਿੱਚ 52ਵੀਂ ਵਾਰ ਤਬਾਦਲਾ ਹੋ ਗਿਆ

ਚੰਡੀਗੜ੍ਹ, 4 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਬਹੁ ਚਰਚਿਤ ਆਈ ਏ ਐੱਸ ਅਫਸਰ ਅਸ਼ੋਕ ਖੇਮਕਾ ਦਾ ਫਿਰ ਤਬਾਦਲਾ ਕਰ ਦਿੱਤਾ ਗਿਆ ਹੈ। ਇਸ ਵਾਰੀ ਉਨ੍ਹਾਂ ਨੂੰ ਸਾਇੰਸ ਐਂਡ ਟੈਕਾਲੋਜੀ ਡਿਪਾਰਟਮੈਂਟ ਵਿੱਚ ਪ੍ਰਿੰਸੀਪਲ ਸੈਕਟਰੀ ਲਾਇਆ ਗਿਆ ਹੈ। ਇਹ 27 ਸਾਲ ਦੇ ਕਰੀਅਰ ਵਿੱਚ ਉਨ੍ਹਾਂ ਦਾ 52ਵਾਂ ਟ੍ਰਾਂਸਫਰ ਹੈ।

ਅਸ਼ੋਕ ਖੇਮਕਾ ਦੇ ਇਲਾਵਾ 9 ਹੋਰ ਆਈ ਏ ਐੱਸ ਅਤੇ ਇੱਕ ਐੱਚ ਸੀ ਐਸ ਅਫਸਰ ਦੀ ਵੀ ਟਰਾਂਸਫਰ ਕੀਤੀ ਗਈ। ਐੱਚ ਸੀ ਐੱਸ, ਐੱਸ ਐੱਨ ਰਾਏ ਨੂੰ ਖੁਰਾਕ ਸਪਲਾਈ ਵਿਭਾਗ ਦੇ ਏ ਸੀ ਐੱਸ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਹਰਿਆਣਾ ਭਵਨ ਨਵੀਂ ਦਿੱਲੀ ਵਿੱਚ ਮੁੱਖ ਰੈਜ਼ੀਡੈਂਟ ਕਮਿਸ਼ਨਰ ਰਾਜੀਵ ਅਰੋੜਾ ਨੂੰ ਉਨ੍ਹਾਂ ਦੇ ਮੌਜੂਦਾ ਚਾਰਜ ਦੇ ਨਾਲ ਮੈਡੀਕਲ ਐਂਡ ਐਜੂਕੇਸ਼ਨ ਡਿਪਾਰਟਮੈਂਟ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਪ੍ਰਿੰਸੀਪਲ ਸਕੱਤਰ ਅਪੂਰਵ ਕੁਮਾਰ ਸਿੰਘ ਨੂੰ ਫਰੀਦਾਬਾਦ ਮਹਾਨਗਰ ਵਿਕਾਸ ਅਥਾਰਟੀ ਦੇ ਐੱਮ ਡੀ ਆਬਕਾਰੀ ਅਤੇ ਟੈਕਸ ਕਮਿਸ਼ਨਰ ਅਤੇ ਸਕੱਤਰ ਅਮਿਤ ਕੁਮਾਰ ਅਗਰਵਾਲ ਨੂੰ ਹਰਿਆਣਾ ਮੈਡੀਕਲ ਸੇਵਾ ਨਿਗਮ ਦੇ ਐੱਮ ਡੀ ਦਾ ਵਾਧੂ ਚਾਰਜ ਸੌਂਪਿਆ ਹੈ। ਵਿੱਤ ਵਿਭਾਗ ਦੇ ਸਕੱਤਰ ਵਜ਼ੀਰ ਸਿੰਘ ਗੋਇਤ ਨੂੰ ਪੰਚਾਇਤ ਵਿਭਾਗ ਦੇ ਡਾਇਰੈਕਟਰ ਅਤੇ ਸਕੱਤਰ ਦਾ ਚਾਰਜ ਸੌਂਪਿਆ ਹੈ। ਹਰਿਆਣਾ ਸਿਵਲ ਸਕੱਤਰੇਤ, ਸਥਾਪਨਾ ਅਤੇ ਸਹਿਕਾਰਤਾ ਵਿਭਾਗ ਦੇ ਸਕੱਤਰ ਚੰਦਰਸ਼ੇਖਰ ਨੂੰ ਰੇਣੂ ਫੂਲੀਆ ਦੇ ਸਥਾਨ 'ਤੇ ਹਰਿਆਣਾ ਮਨੁੱਖੀ ਅਧਿਕਾਰ ਕਮਿਸ਼ਨ ਦਾ ਸਕੱਤਰ ਲਗਾਇਆ ਹੈ, ਜਦ ਕਿ ਹਰਿਆਣਾ ਰਾਜ ਸਹਿਕਾਰੀ ਪ੍ਰਸੰਘ ਚੀਨੀ ਮਿਲ ਦੇ ਐੱਮ ਡੀ ਮੁਕੁਲ ਕੁਮਾਰ ਦੇ ਵਿਸ਼ੇਸ਼ ਸਕੱਤਰ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ।

## ਪ੍ਰਿਅੰਕਾ ਚੋਪੜਾ ਨੂੰ 'ਸਦਭਾਵਨਾ ਦੂਤ' ਵਜੋਂ ਹਟਾਉਣ ਲਈ ਇੱਕ ਆਨਲਾਈਨ ਪਟੀਸ਼ਨ

ਮੁੰਬਈ, 4 ਮਾਰਚ (ਪੋਸਟ ਬਿਊਰੋ)- ਭਾਰਤੀ ਫਿਲਮੀ ਹੀਰੋਇਨ ਪ੍ਰਿਅੰਕਾ ਚੋਪੜਾ ਨੂੰ ਸੰਸਾਰ ਸੱਭਿਆਚਾਰਕ ਸੰਗਠਨ 'ਯੂਨੀਸੈਫ' ਦੇ ਸਦਭਾਵਨਾ ਦੂਤ ਵਜੋਂ ਹਟਾਉਣ ਲਈ ਪਾਕਿਸਤਾਨ ਆਨਲਾਈਨ ਪਟੀਸ਼ਨ ਦਾਇਰ ਕਰੇਗਾ। 'ਆਵਾਜ਼' ਨਾਂ ਦੇ ਆਨਲਾਈਨ ਮੰਚ ਰਾਹੀਂ ਦਾਖਲ ਇਸ ਪਟੀਸ਼ਨ 'ਤੇ ਸਾਢੇ ਤਿੰਨ ਹਜ਼ਾਰ ਦੇ ਕਰੀਬ (3519) ਲੋਕਾਂ ਦੇ ਦਸਤਖਤ ਹਨ। ਇਸ ਪਟੀਸ਼ਨ ਨੂੰ ਅੱਗੇ ਯੂ ਐਨ ਅਤੇ ਯੂਨੀਸੈਫ ਨੂੰ ਟੈਗ ਕੀਤਾ ਗਿਆ ਹੈ।

ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਦੋ ਐਟਮੀ ਤਾਕਤਾਂ ਵਿਚਾਲੇ ਹੋਣ ਵਾਲੀ ਜੰਗ ਤਬਾਹੀ ਤੇ ਮੌਤ ਵੱਲ ਹੀ ਲਿਜਾਏਗੀ। ਯੂਨੀਸੈਫ ਦੀ ਸਦਭਾਵਨਾ ਦੂਤ ਵਜੋਂ ਪ੍ਰਿਅੰਕਾ ਨੂੰ ਨਿਰਪੱਖ ਰਹਿ ਕੇ ਅਮਨ ਦਾ ਸੁਨੇਹਾ ਦੇਣਾ ਚਾਹੀਦਾ ਸੀ, ਪਰ ਉਸ ਨੇ ਭਾਰਤੀ ਥਲ ਸੈਨਾ ਦੇ ਹੱਕ ਵਿੱਚ ਜਿਹੜਾ ਟਵੀਟ ਕੀਤਾ ਹੈ, ਉਹ ਕੁਝ ਹੋਰ ਕਹਾਣੀ ਦੱਸਦਾ ਹੈ। ਇਸ ਲਈ ਉਹ ਇਸ ਸਤਿਕਾਰ ਦੇ ਯੋਗ ਨਹੀਂ ਹੈ।' ਪ੍ਰਿਅੰਕਾ ਚੋਪੜਾ ਨੂੰ ਸਾਲ 2016 ਵਿੱਚ ਯੂਨੀਸੈਫ ਦਾ ਸੰਸਾਰ ਪੱਧਰ ਉੱਤੇ ਸਦਭਾਵਨਾ ਦੂਤ ਨਿਯੁਕਤ ਕੀਤਾ ਗਿਆ ਸੀ। ਵਰਨਣ ਯੋਗ ਹੈ ਕਿ ਪ੍ਰਿਅੰਕਾ ਚੋਪੜਾ ਨੇ ਬੀਤੀ 26 ਫਰਵਰੀ ਨੂੰ ਭਾਰਤ ਵੱਲੋਂ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਭਾਰਤੀ ਹਵਾਈ ਫੌਜ ਨੂੰ ਵਧਾਈ ਦਿੱਤੀ ਸੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਈਰਾਨ ਨੇ ਵੀ ਪਾਕਿ ਨੂੰ 'ਸਰਜੀਕਲ ਸਟ੍ਰਾਈਕ' ਦੀ ਚਿਤਾਵਨੀ ਦਿੱਤੀ




ਬਗਦਾਦ, 4 ਮਾਰਚ (ਪੋਸਟ ਬਿਊਰੋ)- ਭਾਰਤ ਤੋਂ ਪਿੱਛੋਂ ਈਰਾਨ ਸਰਕਾਰ ਦੇ ਨੇਤਾਵਾਂ ਤੇ ਈਰਾਨੀ ਫੌਜ ਨੇ ਪਾਕਿਸਤਾਨ ਵਿੱਚੋਂ ਚੱਲਦੇ ਅੱਤਵਾਦੀ ਗਰੁੱਪਾਂ ਦੇ ਖਿਲਾਫ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ, ਕਿਉਂਕਿ ਪਾਕਿਸਤਾਨ ਇਹ ਕਰਨ ਦੇ ਸਮਰੱਥ ਨਹੀਂ ਹੈ। ਪਾਕਿਸਤਾਨ ਦੇ ਬਾਲਾਘਾਟ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਕੈਂਪ ਉੱਤੇ ਭਾਰਤੀ ਹਵਾਈ ਫੌਜ ਨੇ 26 ਫਰਵਰੀ ਨੂੰ ਏਅਰ ਸਟ੍ਰਾਈਕ ਕੀਤੀ ਸੀ। ਇਸ ਪਿੱਛੋਂ ਈਰਾਨ ਨੇ ਵੀ ਪਾਕਿਸਤਾਨ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਈ ਵਾਰ ਕੌਮਾਂਤਰੀ ਮੰਚਾਂ 'ਤੇ ਆਖ ਚੁੱਕੇ ਹਨ ਕਿ ਪਾਕਿਸਤਾਨ ਅੱਤਵਾਦੀਆਂ ਦੀ ਠਾਹਰ ਬਣਿਆ ਹੋਇਆ ਹੈ।

ਤਾਜ਼ਾ ਖਬਰਾਂ ਮੁਤਾਬਕ ਆਈ ਆਰ ਜੀ ਸੀ ਕੁਰਦ ਫੌਜ ਦੇ ਮੁਖੀ ਜਨਰਲ ਕਾਸਿਮ ਸੋਲੇਮਾਨੀ ਨੇ ਪਾਕਿਸਤਾਨ ਸਰਕਾਰ ਅਤੇ ਉਸ ਦੀ ਫੌਜੀ ਕਮਾਂਡ ਨੂੰ ਸਖ਼ਤ ਸ਼ਬਦਾਂ ਨਾਲ ਕਿਹਾ ਹੈ ਕਿ ਮੈਂ ਪਾਕਿਸਤਾਨ ਸਰਕਾਰ ਨੂੰ ਸਵਾਲ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਕਿਸ ਪਾਸੇ ਜਾ ਰਹੇ ਹੋ। ਸਾਰੇ ਗੁਆਂਢੀ ਦੇਸ਼ਾਂ ਦੀ ਸਰਹੱਦ ਉੱਤੇ ਤੁਸੀਂ ਗੜਬੜ ਫੈਲਾਈ ਹੋਈ ਹੈ। ਕੀ ਤੁਹਾਡਾ ਕੋਈ ਅਜਿਹਾ ਗੁਆਂਢੀ ਬਚਿਆ ਹੈ ਜਿਥੇ ਤੁਸੀਂ ਅਸੁਰੱਖਿਆ ਫੈਲਾਉਣਾ ਚਾਹੁੰਦੇ ਹੋ। ਤੁਹਾਡੇ ਕੋਲ ਤਾਂ ਐਟਮੀ ਬੰਬ ਹਨ, ਪਰ ਤੁਸੀਂ ਇਸ ਖੇਤਰ ਵਿਚ ਇਕ ਅੱਤਵਾਦੀ ਗਰੁੱਪ ਨੂੰ ਖਤਮ ਨਹੀਂ ਕਰ ਸਕੇ, ਜਿਸ ਦੇ ਮੈਂਬਰਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਈਰਾਨ ਦੇ ਸਬਰ ਦੀ ਪਰਖ ਨਹੀਂ ਕਰਨੀ ਚਾਹੀਦੀ।

ਵਰਨਣ ਯੋਗ ਹੈ ਕਿ 13 ਫਰਵਰੀ ਨੂੰ ਪਾਕਿਸਤਾਨ ਨਾਲ ਲੱਗਦੀ ਈਰਾਨ ਦੇ ਸਿਸਤਾਨ ਬਲੋਚਿਸਤਾਨ ਸਰਹੱਦ 'ਤੇ ਇਕ ਆਤਮਘਾਤੀ ਹਮਲੇ ਵਿਚ ਈਰਾਨ ਦੀ ਰੈਵੋਲਿਊਸ਼ਨਰੀ ਗਾਰਡ ਦੇ 27 ਜਵਾਨ ਮਾਰੇ ਗਏ ਸਨ। ਈਰਾਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖਿਲਾਫ ਲੜਨ ਲਈ ਪਾਕਿਸਤਾਨ ਆਪਣੇ ਦੇਸ਼ ਵਿਚ ਅੱਤਵਾਦ ਨੂੰ ਪਨਾਹ ਦੇਂਦਾ ਹੈ। ਕੁਰਦ ਫੌਜ ਦੇ ਕਮਾਂਡਰ ਜਨਰਲ ਕਾਸਿਮ ਸੋਲੇਮਾਨੀ ਨੇ ਕਿਹਾ ਹੈ ਕਿ ਜੇ ਪਾਕਿਸਤਾਨ ਨੇ ਆਪਣੀ ਜ਼ਮੀਨ 'ਤੇ ਪਲ ਰਹੇ ਅੱਤਵਾਦ ਨੂੰ ਖਤਮ ਨਾ ਕੀਤਾ ਤਾਂ ਉਨ੍ਹਾਂ ਨੂੰ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ। ਅਸਲ ਵਿੱਚ ਈਰਾਨ ਤੇ ਭਾਰਤ ਅੱਤਵਾਦ ਦੇ ਮੁੱਦੇ 'ਤੇ ਇਕੋ ਕਿਸ਼ਤੀ ਵਿਚ ਸਵਾਰ ਹੈ। ਪਾਕਿਸਤਾਨ ਵਿਚ ਪਲਦੇ ਅੱਤਵਾਦੀ ਭਾਰਤ ਅਤੇ ਈਰਾਨ ਦੇ ਨਾਲ ਕਈ ਹੋਰ ਦੇਸ਼ਾਂ ਵਿਚ ਵੀ ਹਮਲੇ ਕਰ ਰਹੇ ਹਨ। ਈਰਾਨ ਅਤੇ ਭਾਰਤ ਵਿਚਾਲੇ ਬੀਤੇ ਕੁਝ ਸਮੇਂ ਵਿਚ ਸਹਿਯੋਗ ਵਧਿਆ ਹੈ। ਅਜਿਹੇ ਵਿਚ ਅੱਤਵਾਦ ਦੇ ਮੁੱਦੇ 'ਤੇ ਈਰਾਨ ਭਾਰਤ ਦੇ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ।

# ਇਮਰਾਨ ਖਾਨ ਨੇ ਨੋਬਲ ਦੇ ਬਹਾਨੇ ਕਸ਼ਮੀਰ ਦਾ ਰਾਗ ਛੇੜਿਆ



ਇਸਲਾਮਾਬਾਦ, 4 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਨੋਬਲ ਸ਼ਾਂਤੀ ਇਨਾਮ ਦੇ ਬਹਾਨੇ ਕਸ਼ਮੀਰ ਦਾ ਰਾਗ ਛੇੜਿਆ ਹੈ। ਨੋਬਲ ਇਨਾਮ ਲਈ ਆਪਣਾ ਨਾਂ ਭੇਜੇ ਜਾਣ ਦੇ ਮਤੇ ਉੱਤੇ ਇਮਰਾਨ ਦਾ ਕਹਿਣਾ ਹੈ ਕਿ ਉਹ ਇਸ ਦੇ ਕਾਬਲ ਨਹੀਂ, ਇਹ ਇਨਾਮ ਉਸ ਨੂੰ ਮਿਲਣਾ ਚਾਹੀਦਾ ਹੈ, ਜਿਹੜਾ ਕਸ਼ਮੀਰ ਦੇ ਲੋਕਾਂ ਦੀ ਇੱਛਾ ਮੁਤਾਬਕ ਇਸ ਸਮੱਸਿਆ ਦਾ ਹੱਲ ਕਰੇਗਾ ਤੇ ਸ਼ਾਂਤੀ ਕਾਇਮ ਕਰੇਗਾ।

ਭਾਰਤ ਦੇ ਕੂਟਨੀਤਕ ਯਤਨਾਂ ਅਤੇ ਕੌਮਾਂਤਰੀ ਦਬਾਅ ਕਾਰਨ ਇਮਰਾਨ ਖਾਨ ਨੇ ਭਾਰਤੀ ਹਵਾਈ ਫ਼ੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੂੰ ਤਿੰਨ ਦਿਨਾਂ ਅੰਦਰ ਭਾਰਤ ਨੂੰ ਸੌਂਪ ਦਿੱਤਾ ਸੀ। ਇਮਰਾਨ ਖਾਨ ਤੇ ਉਨ੍ਹਾਂ ਦੇ ਸਮਰਥਕ ਇਸ ਕਦਮ ਨੂੰ ਉਨ੍ਹਾਂ ਦੀ ਚੰਗਿਆਈ ਦਾ ਸਬੂਤ ਸਾਬਤ ਕਰਨ ਲੱਗੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਮਰਾਨ ਨੇ ਸ਼ਾਂਤੀ ਬਹਾਲੀ ਲਈ ਇਹ ਕਦਮ ਚੁੱਕਿਆ ਹੈ। ਇਸੇ ਨੂੰ ਆਧਾਰ ਬਣਾ ਕੇ ਪਾਕਿਸਤਾਨ ਦੀ ਪਾਰਲੀਮੈਂਟ ਵਿੱਚ ਦੋ ਮਾਰਚ ਨੂੰ ਮਤਾ ਲਿਆਂਦਾ ਗਿਆ ਸੀ ਕਿ ਇਮਰਾਨ ਨੇ ਬਹੁਤ ਜ਼ਿੰਮੇਵਾਰੀ ਨਾਲ ਕਦਮ ਉਠਾਇਆ ਹੈ ਤੇ ਉਹ ਨੋਬਲ ਸ਼ਾਂਤੀ ਪੁਰਸਕਾਰ ਦੇ ਹੱਕਦਾਰ ਹਨ। ਇਮਰਾਨ ਖਾਨ ਨੇ ਇਸ ਮਤੇ ਦੇ ਬਹਾਨੇ ਕਸ਼ਮੀਰ ਦਾ ਰਾਗ ਅਲਾਪਣ ਦੀ ਕੋਸ਼ਿਸ਼ ਕੀਤੀ ਹੈ।

ਵਰਨਣ ਯੋਗ ਹੈ ਕਿ ਪੁਲਵਾਮਾ ਵਿੱਚ 14 ਫਰਵਰੀ ਨੂੰ ਸੀ ਆਰ ਪੀ ਐੱਫ ਦੇ ਕਾਫ਼ਲੇ 'ਤੇ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈਂਦਿਆਂ ਭਾਰਤ ਨੇ 26 ਫਰਵਰੀ ਨੂੰ ਪਾਕਿਸਤਾਨ ਵਿੱਚ ਜਾ ਕੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਟ੍ਰੇਨਿੰਗ ਕੈਂਪ ਨੂੰ ਤਬਾਹ ਕਰ ਦਿੱਤਾ ਸੀ। ਇਸ ਦੇ ਅਗਲੇ ਦਿਨ ਪਾਕਿਸਤਾਨ ਨੇ ਐੱਫ-16 ਜਹਾਜ਼ਾਂ ਨਾਲ ਭਾਰਤੀ ਸਰਹੱਦ ਵਿੱਚ ਵੜਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨੀ ਜੰਗੀ ਜਹਾਜ਼ਾਂ ਨੂੰ ਖਦੇੜਨ ਦੀ ਪ੍ਰਕਿਰਿਆ ਵਿੱਚ ਇਕ ਐੱਫ-16 ਜਹਾਜ਼ ਡੇਗਣ ਵਾਲੇ ਭਾਰਤੀ ਹਵਾਈ ਫ਼ੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨੂੰ ਆਪਣੇ ਮਿਗ-21 ਤੋਂ ਇਜੈਕਟ ਹੋਣਾ ਪਿਆ ਸੀ ਅਤੇ ਇਜੈਕਟ ਹੋ ਕੇ ਉਹ ਪਾਕਿਸਤਾਨ ਦੀ ਸਰਹੱਦ 'ਚ ਪਹੁੰਚ ਗਏ ਸਨ।

## ਦਿਮਾਗ ਦੇ ਕੈਂਸਰ ਦੀ ਖੋਜ ਲਈ ਭਾਰਤੀ-ਅਮਰੀਕੀ ਨੂੰ ਐਵਾਰਡ

ਵਾਸ਼ਿੰਗਟਨ, 4 ਮਾਰਚ (ਪੋਸਟ ਬਿਊਰੋ)- ਦਿਮਾਗ ਦੇ ਕੈਂਸਰ (ਗਲਿਓਬਲਾਸਟੋਮਾ) ਦੇ ਇਲਾਜ ਦੀ ਖੋਜ ਲਈ ਹਰਨਡੋਨ (ਵਰਜੀਨੀਆ) ਦੀ ਭਾਰਤ ਮੂਲ ਦੀ ਵਿਗਿਆਨੀ ਕਾਵਿਆ ਕੋਪਾਰਾਪੂ (19) ਨੂੰ ਸਾਲ 2019 ਦਾ ਸਟੈਮ (ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਮੈਥ) ਐਜੂਕੇਸ਼ਨ ਐਵਾਰਡ ਦਿੱਤਾ ਗਿਆ ਹੈ। ਇਸ ਐਵਾਰਡ 'ਚ ਸਟੈਮ ਐਜੂਕੇਸ਼ਨ ਵੱਲੋਂ 10 ਹਜ਼ਾਰ ਡਾਲਰ ਨਕਦ ਦਿੱਤੇ ਜਾਂਦੇ ਹਨ। 'ਅਮਰੀਕਨ ਬਾਜ਼ਾਰ' ਦੀ ਰਿਪੋਰਟ ਮੁਤਾਬਕ ਕਾਵਿਆ ਹਾਵਰਡ ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਅਤੇ ਬਾਇਓਲੋਜੀ ਦੀ ਪੜ੍ਹਾਈ ਕਰ ਰਹੀ ਹੈ। ਨਵੀਂ ਖੋਜ ਮੁਤਾਬਕ ਆਰਟੀਫਿਸ਼ੀਅਲ ਇੰਟੈਲੀਜੈਂਸ ਰਾਹੀਂ ਇਹ ਇਲਾਜ ਸੰਭਵ ਹੈ। ਕਾਵਿਆ ਗਰਲਜ਼ ਕੰਪਿਊਟਿੰਗ ਲੀਗ ਦੀ ਬਾਨੀ ਅਤੇ ਸੀ ਈ ਓ ਹੈ, ਜੋ ਬਿਨਾਂ ਲਾਭ ਕੰਮ ਕਰਨ ਵਾਲੀ ਸੰਸਥਾ ਹੈ ਤੇ ਇਸ ਨੇ ਕੰਪਿਊਟਰ ਸਾਇੰਸ ਪ੍ਰੋਗਰਾਮਿੰਗ ਲਈ ਇਕ ਲੱਖ ਡਾਲਰ ਇਕੱਠੇ ਕੀਤੇ ਹਨ। ਇਹ ਸੰਸਥਾ 3800 ਅਮਰੀਕੀ ਵਿਦਿਆਰਥੀਆਂ ਨੂੰ ਸਿੱਖਿਆ ਦੇ ਰਹੀ ਹੈ।

## ਨਵਾਜ਼ ਸ਼ਰੀਫ ਨੂੰ ਭਾਰਤ ਪਾਕਿ ਤਣਾਅ ਦੀ ਜਾਣਕਾਰੀ ਜੇਲ੍ਹ ਵਿੱਚ ਦਿੱਤੀ ਗਈ

ਲਾਹੌਰ, 4 ਮਾਰਚ (ਪੋਸਟ ਬਿਊਰੋ)- ਪਾਕਿ ਵਿੱਚ ਵਿਰੋਧੀ ਧਿਰ ਦੇ ਆਗੂ ਸ਼ਾਹਬਾਜ਼ ਸ਼ਰੀਫ ਨੇ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭਾਰਤ-ਪਾਕਿ ਵਿਚਾਲੇ ਜਾਰੀ ਤਣਾਅ ਦੀ ਜਾਣਕਾਰੀ ਦਿੱਤੀ ਹੈ। ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ-ਐਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਤਿੰਨ ਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਨਵਾਜ਼ ਸ਼ਰੀਫ ਦੇ ਛੋਟੇ ਭਰਾ ਹਨ। ਇਸ ਵਕਤ ਨਵਾਜ਼ ਸ਼ਰੀਫ (69) ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੋਟ ਲੱਖਪਤ ਜੇਲ੍ਹ 'ਚ ਬੰਦ ਹਨ। ਉਹ ਅਲ-ਅਜ਼ੀਜ਼ੀਆ ਸਟੀਲ ਮਿੱਲ ਭ੍ਰਿਸ਼ਟਾਚਾਰ ਮਾਮਲੇ ਵਿੱਚ ਸੱਤ ਸਾਲ ਦੀ ਸਜ਼ਾ ਕੱਟ ਰਹੇ ਹਨ। ਸ਼ਾਹਬਾਜ਼ ਸ਼ਰੀਫ ਨੇ ਬੀਤੇ ਦਿਨੀਂ ਜੇਲ੍ਹ 'ਚ ਨਵਾਜ਼ ਨਾਲ ਮੁਲਾਕਾਤ ਕੀਤੀ, ਜਿਸ ਦਾ ਮਕਸਦ ਸ਼ਰੀਫ ਨੂੰ ਦੇਸ਼ ਦੇ ਤਾਜ਼ਾ ਹਾਲਾਤ ਖਾਸ ਤੌਰ 'ਤੇ ਭਾਰਤ ਨਾਲ ਚੱਲਦੇ ਤਣਾਅ ਤੋਂ ਜਾਣੂ ਕਰਾਉਣਾ ਸੀ।

## ਫਰਾਂਸ ਵੱਲੋਂ ਸੁਰੱਖਿਆ ਕੌਂਸਲ ਵਿੱਚ ਭਾਰਤ ਦੀ ਪੱਕੀ ਮੈਂਬਰੀ ਦਾ ਸਮਰਥਨ

ਯੂ ਐੱਨ ਓ, 4 ਮਾਰਚ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਸਰਗਣਾ ਮਸੂਦ ਅਜ਼ਹਰ ਉੱਤੇ ਪਾਬੰਦੀ ਲਾਉਣ ਦਾ ਮਤਾ ਲਿਆਉਣ ਤੋਂ ਬਾਅਦ ਫਰਾਂਸ ਨੇ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਭਾਰਤ ਦੀ ਪੱਕੀ ਮੈਂਬਰੀ ਦਾ ਸਮਰਥਨ ਦੁਹਰਾਇਆ ਹੈ। ਉਸ ਨੇ ਕਿਹਾ ਕਿ ਸੁਰੱਖਿਆ ਕੌਂਸਲ ਦਾ ਵਾਧਾ ਜ਼ਰੂਰੀ ਹੈ।

ਵਰਨਣ ਯੋਗ ਹੈ ਕਿ ਭਾਰਤ ਲੰਬੇ ਸਮੇਂ ਤੋਂ ਬ੍ਰਾਜ਼ੀਲ, ਜਰਮਨੀ ਅਤੇ ਜਾਪਾਨ ਨਾਲ ਮਿਲ ਕੇ ਯੂ ਐੱਨ ਸਕਿਓਰਟੀ ਕੌਂਸਲ ਸੁਧਾਰ ਦੀ ਮੰਗ ਕਰ ਰਿਹਾ ਹੈ ਤੇ ਇਸ ਗੱਲ ਉਤੇ ਜ਼ੋਰ ਦੇ ਰਿਹਾ ਹੈ ਕਿ ਇਹ ਦੇਸ਼ ਇਸ ਪ੍ਰਭਾਵਸ਼ਾਲੀ ਕੌਮਾਂਤਰੀ ਸੰਸਥਾ ਦੇ ਪੱਕੇ ਮੈਂਬਰ ਬਣਨ ਦੇ ਹੱਕਦਾਰ ਹਨ। ਫਰਾਂਸ 15 ਮੈਂਬਰੀ ਸੁਰੱਖਿਆ ਕੌਂਸਲ ਦਾ ਪੱਕਾ ਅਤੇ ਵੀਟੋ ਅਧਿਕਾਰ ਵਾਲਾ ਮੈਂਬਰ ਦੇਸ਼ ਹੈ। ਇਸ ਮਹੀਨੇ ਇਸ ਦੀ ਪ੍ਰਧਾਨਗੀ ਸੰਭਾਲਣ ਵਾਲੇ ਫਰਾਂਸ ਨੇ ਪਿਛਲੇ ਮਹੀਨੇ ਅਮਰੀਕਾ ਤੇ ਬ੍ਰਿਟੇਨ ਨਾਲ ਮਿਲ ਕੇ ਮਸੂਦ ਅਜ਼ਹਰ ਨੂੰ ਕੌਮਾਂਤਰੀ ਅੱਤਵਾਦੀ ਐਲਾਨ ਕਰਾਉਣ ਲਈ ਸੁਰੱਖਿਆ ਕੌਂਸਲ ਵਿੱਚ ਮਤਾ ਪੇਸ਼ ਕੀਤਾ ਸੀ। ਫਰਾਂਸ ਨੇ ਸੁਰੱਖਿਆ ਕੌਂਸਲ ਵਿੱਚ ਭਾਰਤ, ਜਰਮਨੀ ਅਤੇ ਜਾਪਾਨ ਦੀ ਪੱਕੀ ਮੈਂਬਰੀ ਲਈ ਸਮਰਥਨ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਇਸ ਸੰਸਥਾ 'ਚ ਪੱਕੇ ਤੇ ਵਕਤੀ ਦੋਵਾਂ ਵਰਗਾਂ 'ਚ ਵਾਧੇ ਤੇ ਇਸ ਦੇ ਸੁਧਾਰ ਦੀ ਦਿਸ਼ਾ ਦਾ ਇਹ ਪਹਿਲਾ ਕਦਮ ਹੋਵੇਗਾ।

## ਕਿਸੇ ਦੇਸ਼ ਨਾਲੋਂ ਸਬੰਧ ਤੋੜਨਾ ਸਾਡੇ ਘੇਰੇ ਵਿੱਚ ਨਹੀਂ: ਆਈ ਸੀ ਸੀ




ਦੁਬਈ, 4 ਮਾਰਚ (ਪੋਸਟ ਬਿਊਰੋ)- ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਅੱਤਵਾਦ ਪੈਦਾ ਕਰਨ ਵਾਲੇ ਦੇਸ਼ਾਂ ਨਾਲ ਸੰਬੰਧ ਤੋੜਨ ਦੀ ਬੀ ਸੀ ਸੀ ਆਈ (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਦੀ ਬੇਨਤੀ ਠੁਕਰਾਉਂਦੇ ਹੋਏ ਕਿਹਾ ਹੈ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਆਈ ਸੀ ਸੀ ਦੀ ਕੋਈ ਭੂਮਿਕਾ ਨਹੀਂ ਹੈ।

ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸੀ ਆਰ ਪੀ ਐੱਫ ਦੇ ਚਾਲੀ ਜਵਾਨਾਂ ਦੀ ਮੌਤ ਤੋਂ ਬਾਅਦ ਬੀ ਸੀ ਸੀ ਆਈ ਨੇ ਆਈ ਸੀ ਸੀ ਨੂੰ ਚਿੱਠੀ ਲਿਖ ਕੇ ਵਿਸ਼ਵ ਪੱਧਰੀ ਤੇ ਉਸ ਦੇ ਮੈਂਬਰ ਦੇਸ਼ਾਂ ਨੂੰ ਅੱਤਵਾਦੀਆਂ ਨੂੰ ਪਨਾਹ ਦੇਣ ਵਾਲੇ ਦੇਸ਼ਾਂ ਨਾਲੋਂ ਸੰਬੰਧ ਤੋੜਨ ਦੀ ਅਪੀਲ ਕੀਤੀ ਸੀ। ਬੀ ਸੀ ਸੀ ਆਈ ਦੇ ਅਧਿਕਾਰੀ ਨੇ ਨਾਂਅ ਛਾਪਣ ਦੀ ਸ਼ਰਤ 'ਤੇ ਦੱਸਿਆ, ਅਜਿਹੀ ਕੋਈ ਸੰਭਾਵਨਾ ਨਹੀਂ ਸੀ ਕਿ ਇਹੋ ਜਿਹੀ ਚੀਜ਼ ਹੁੰਦੀ ਹੈ। ਆਈ ਸੀ ਸੀ ਦੇ ਚੇਅਰਮੈਨ ਨੇ ਸਾਫ ਕਰ ਦਿੱਤਾ ਕਿ ਕਿਸੇ ਵੀ ਦੇਸ਼ ਦਾ ਬਾਈਕਾਟ ਕਰਨ ਦਾ ਫੈਸਲਾ ਸਰਕਾਰੀ ਪੱਧਰ 'ਤੇ ਹੋਣਾ ਚਾਹੀਦਾ ਹੈ ਅਤੇ ਆਈ ਸੀ ਸੀ ਦਾ ਅਜਿਹਾ ਕੋਈ ਨਿਯਮ ਨਹੀਂ ਹੈ। ਬੀ ਸੀ ਸੀ ਆਈ ਨੂੰ ਇਹ ਪਤਾ ਸੀ, ਇਸ ਦੇ ਬਾਵਜੂਦ ਉਸ ਨੇ ਕੋਸ਼ਿਸ਼ ਕਰ ਕੇ ਦੇਖੀ।

ਭਾਰਤੀ ਕ੍ਰਿਕਟ ਟੀਮ ਨੇ ਅਗਲੇ ਵਿਸ਼ਵ ਕੱਪ ਦੌਰਾਨ 16 ਜੂਨ ਨੂੰ ਪਾਕਿਸਤਾਨ ਨਾਲ ਭਿੜਨਾ ਹੈ। ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸਿਆਸੀ ਤਣਾਅ ਕਾਰਨ ਇਸ ਮੈਚ ਦੇ ਬਾਈਕਾਟ ਦੀ ਮੰਗ ਕੀਤੀ ਜਾ ਰਹੀ ਹੈ। ਭਾਰਤੀ ਕ੍ਰਿਕਟ ਦੇ ਕੁਝ ਵੱਡੇ ਨਾਵਾਂ ਨੇ ਇਹ ਮੰਗ ਕੀਤੀ ਹੈ, ਜਿਨ੍ਹਾਂ ਵਿੱਚ ਹਰਭਜਨ ਸਿੰਘ ਅਤੇ ਸੌਰਭ ਗਾਂਗੁਲੀ ਵੀ ਸ਼ਾਮਲ ਹਨ। ਭਾਰਤੀ ਕ੍ਰਿਕਟ ਦਾ ਕੰਟਰੋਲ ਕਰਦੀ ਅਧਿਕਾਰੀਆਂ ਦੀ ਕਮੇਟੀ ਨੇ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਫੈਸਲਾ ਨਾ ਕਰਦੇ ਹੋਏ ਕਿਹਾ ਕਿ ਉਹ ਸਰਕਾਰ ਦਾ ਨਜ਼ਰੀਆ ਜਾਨਣਗੇ। ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਨੂੰ ਭਰੋਸਾ ਦਿੱਤਾ ਹੈ ਕਿ ਇਸ ਸਾਲ ਇੰਗਲੈਂਡ ਵਿੱਚ ਹੋਣ ਵਾਲੇ ਵਿਸ਼ਵ ਕੱਪ ਦੌਰਾਨ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਆਈ ਸੀ ਸੀ ਬੋਰਡ ਦੀ ਇਥੇ ਹੋਈ ਮੀਟਿੰਗ ਦੌਰਾਨ ਬੀ ਸੀ ਸੀ ਆਈ ਨੂੰ ਇਹ ਭਰੋਸਾ ਦਿੱਤਾ ਗਿਆ। ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧਣ 'ਤੇ ਬੀ ਸੀ ਸੀ ਆਈ ਨੇ ਵੱਡੇ ਆਯੋਜਨ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਤੇ ਮੈਚ ਅਧਿਕਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਸੀ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
Special Flights to India and Pakistan
Special Packages to cuba, mexico
Online visa application (India)
Cruise Booking
Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
$1,000 off New Basement
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance? Call today for best & low rates!
27 Rean Drive, Unit 11, Toronto, ON M2K 0A6

Honesty, Reliability, Commitment
Hira Randhawa
Broker
HomeLife SilverCity
• 1 yr Home Warranty
• Appliances & Furniture
• 40% Discount on Brand Name
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000
William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000
Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900
Charolais & Chinguacouasy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000
Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

MICHELIN
HANKOOK
Continental
ROADLUX
BFGoodrich
AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪੰਜਾਬ ਕਾਂਗਰਸ ਦੀ ਪਲੇਠੀ "ਮੋਗਾ ਰੈਲੀ" ਹੋਵੇਗੀ ਪਿੰਡ ਕਿਲ੍ਹੀ ਚਾਹਲਾਂ ਵਿਖੇ

*ਕੌਮੀ ਪ੍ਰਧਾਨ ਰਾਹੁਲ ਗਾਂਧੀ ਕਰਨਗੇ ਪ੍ਰਧਾਨਗੀ, ਕਾਂਗਰਸ ਵਰਕਰਾਂ ਵਿਚ ਭਾਰੀ ਉਤਸ਼ਾਹ



ਕੋਟਕਪੂਰਾ, 4 ਮਾਰਚ- (ਗਿਆਨ ਸਿੰਘ) ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੀ ਪਲੇਠੀ "ਮੋਗਾ ਰੈਲੀ" ਜੋ ਪਿੰਡ ਕਿਲ੍ਹੀ ਚਾਹਲਾਂ ਵਿਖੇ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਦੀ ਪ੍ਰਧਾਨਗੀ ਹੇਠ 7 ਮਾਰਚ ਨੂੰ ਹੋ ਰਹੀ ਹੈ। ਮੋਗਾ ਰੈਲੀ ਦੇਸ਼ ਦੀਆਂ ਅੰਗਾਮੀ ਲੋਕ ਸਭਾ ਚੋਣਾਂ ਦਾ ਮੁੱਢ ਬੰਨੇਗੀ। ਇਸ ਰੈਲੀ ਲਈ ਕਾਂਗਰਸ ਵਰਕਰਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਇਸ ਗਲ ਦਾ ਪ੍ਰਗਟਾਵਾ ਸ ਕੁਸ਼ਲਦੀਪ ਸਿੰਘ ਢਿਲੋਂ ਐਮ.ਐਲ.ਏ. ਫਰੀਦਕੋਟ ਨੇ ਕੋਟਕਪੂਰਾ ਵਿਖੇ ਮਿਲਨ ਪੈਲੇਸ ਵਿਚ ਜਿਲ੍ਹਾ ਕਾਂਗਰਸ ਕਮੇਟੀ ਫਰੀਦਕੋਟ ਦੇ ਪ੍ਰਧਾਨ ਸ੍ਰੀ ਅਜੈਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਮੋਗਾ ਰੈਲੀ ਦੇ ਸਬੰਧ ਰੱਖੀ ਵਿਸ਼ੇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੀਟਿੰਗ ਵਿਚ ਜੈਤੋ ਹਲਕੇ ਦੇ ਇੰਨਚਾਰਜ ਸ੍ਰੀ ਮੁਹੰਮਦ ਸਦੀਕ ਸਾਬਕਾ ਐਮ.ਐਲ.ਏ.,ਕੋਟਕਪੂਰਾ ਹਲਕੇ ਦੇ ਇੰਨਚਾਰਜ ਸ੍ਰੀ ਰਾਹੁਲ ਸਿੰਘ ਸਿੱਧੂ ਵਿਸ਼ੇਸ ਤੌਰ ਤੇ ਸ਼ਾਮਲ ਹੋਏ। ਢਿਲੋਂ ਨੇ ਅਗੇ ਕਿਹਾ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਚਲ ਰਹੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਕਿਸਾਨਾਂ,ਨੌਜਵਾਨਾਂ,ਗਰੀਬ ਵਰਗਾਂ, ਕਾਰਖਾਨੇਦਾਰਾਂ, ਮਜ਼ਦੂਰਾਂ ਅਤੇ ਵਿਉਪਾਰੀਆਂ ਦੀ ਹਰ ਤਰ੍ਹਾਂ ਨਾਲ ਮਦੱਦ ਕਰਨ ਦੀ ਕੋਸ਼ਿਸ ਕੀਤੀ। ਉਨ੍ਹਾ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਮੋਗਾ ਰੈਲੀ ਵਿਚ ਵੱਡੀ ਗਿਣਤੀ ਵਿਚ ਸਾਮਲ ਹੋਣ ਤਾਂ ਜੋ ਪਿਛਲੇ ਪੰਜ ਸਾਲਾ ਤੋ ਕੇਂਦਰ ਵਿਚ ਚਲ ਰਹੀ ਮੋਦੀ ਸਰਕਾਰ ਦੇ ਬਦਲਣ ਲਈ ਰਾਹ ਪਧਰਾ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਝੰਬਿਆ ਤੇ ਦੇਸ਼ ਨੂੰ ਜੰਗ ਵਲ ਧੱਕਣ ਦੀ ਕੋਸ਼ਿਸ ਕੀਤੀ। ਮੋਦੀ ਨੇ ਚੋਣਾਂ ਜਿੱਤਣ ਲਈ ਜੰਗ ਲਗਾ ਕੇ ਆਪਣੇ ਦੇਸ਼ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਦੇਕੇ ਲੋਕ ਸਭਾ ਚੋਣਾਂ ਲਈ ਹਮਦਰਦੀ ਵੋਟ ਵਿਟਰਿਨ ਦੀ ਨਾਕਾਮ ਕੋਸ਼ਿਸ ਕੀਤੀ। ਲੋਕ ਕੇਂਦਰ ਦੀ ਬੀ.ਜੇ.ਪੀ. ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ।

ਮੁਹੰਮਦ ਸਦੀਕ, ਰਾਹੁਲ ਸਿੱਧੂ,ਸੁਰਿੰਦਰ ਗੁਪਤਾ,ਪਵਨ ਗੋਇਲ,ਕਾਮਰੇਡ ਦਰਸਨ ਸਿੰਘ ਢਿਲਵਾਂ,ਸਤਪਾਲ ਡੋਡ,ਵਿਨੋਦ ਮੈਨੀਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਵਰਕਰ ਮੋਗਾ ਰੈਲੀ ਦੀ ਸਫਲਤਾ ਦੇ ਨਾਲ ਨਾਲ ਹੁਣੇ ਤੋ ਲੋਕ ਸਭਾ ਚੋਣਾਂ 2019 ਲਈ ਤਿਆਰੀ ਕਰ ਲੈਣ ਅਤੇ ਹਰ ਵੋਟਰ ਤਕ ਪਹੁੰਚ ਕਰਨ। ਇਸ ਮੌਕੇ ਜਿਲ੍ਹਾ ਕਾਂਗਰਸ ਕਮੇਟੀ ਫਰੀਦਕੋਟ ਦੇ ਪ੍ਰਧਾਨ ਸ੍ਰੀ ਅਜੈਪਾਲ ਸਿੰਘ ਸੰਧੂ ਨੇ ਕਿਹਾ ਕਿ ਉਹ ਜਿਲ੍ਹੇ ਭਰ ਤੋਂ ਵੱਡੀ ਗਿਣਤੀ ਵਿਚ ਆਏ ਜਿਲ੍ਹਾ ਪ੍ਰੀਸ਼ਦ ਮੈਬਰਾਂ,ਬਲਾਕ ਸੰਮਤੀ ਮੈਂਬਰਾਂ, ਸਰਪੰਚਾਂ, ਪੰਚਾਂ ਅਤੇ ਕਾਂਗਰਸ ਦੇ ਵਰਕਰਾਂ ਦਾ ਤਹਿਦਿਲੋ ਧੰਨਵਾਦੀ ਹਨ ਜਿਨ੍ਹਾਂ ਨੇ ਵੱਡੀ ਗਿਣਤੀ ਵਿਚ ਮੀਟਿੰਗ ਵਿਚ ਸਾਮਲ ਹੋ ਕੇ ਆਪਣੇ ਉਤਸਾਹ ਦਾ ਸਬੂਤ ਦਿੱਤਾ ਹੈ। ਉਨ੍ਹਾ ਕਿਹਾ ਕਿ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਅਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਭਰੋਸਾ ਪਰਗਟ ਕਰਦਿਆਂ ਜਿਲ੍ਹੇ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਉਹ ਜਿਲ੍ਹੇ ਵਿਚ ਵਰਕਰਾਂ ਨੂੰ ਅੰਗਾਮੀ ਲੋਕ ਸਭਾ ਚੋਣਾਂ ਲਈ ਪ੍ਰਚਾਰ ਤੇਜ ਕਰਨ ਲਈ ਲਈ ਪ੍ਰੇਰਤ ਕਰਨਗੇ। ਉਨ੍ਹਾ ਆਖਿਆ ਕਿ ਉਨ੍ਹਾਂ ਦੇ ਮਨ ਵਿਚ ਹਰ ਵਰਕਰ ਦਾ ਸਨਮਾਨ ਹੈ ਤੇ ਕੋਸ਼ਿਸ ਹੋਵੇਗੀ ਕਿ ਹਰ ਇਕ ਨੂੰ ਸੇਵਾਵਾਂ ਅਨੁਸਾਰ ਨਿਵਾਜਿਆ ਜਾਵੇ। ਉਨ੍ਹਾ ਕਿਹਾ ਕਿ ਪਾਰਟੀ ਵਰਕਰਾਂ ਦੇ ਨਾਲ ਹੀ ਪਾਰਟੀ ਮਜ਼ਬੂਤ ਹੁੰਦੀ ਹੈ

# ਵੀਜਾ ਨਾ ਲੱਗਾ ਤਾਂ ਥਾਣੇਦਾਰ ਦੇ ਪੁੱਤਰ ਨੇ ਖ਼ੁਦਕੁਸ਼ੀ ਕੀਤੀ

ਅਬੋਹਰ, 4 ਮਾਰਚ (ਪੋਸਟ ਬਿਊਰੋ)- ਆਈਲੇਟਸ ਕਰਨ ਪਿੱਛੋਂ ਵੀਜ਼ਾ ਨਾ ਲੱਗਣ ਤੋਂ ਪਰੇਸ਼ਾਨ ਪੰਜਾਬ ਪੁਲਸ ਦੇ ਇੱਕ ਸਬ ਇੰਸਪੈਕਟਰ ਦੇ ਪੁੱਤਰ ਨੇ ਆਪਣੇ ਪਿਤਾ ਦੇ ਸਰਵਿਸ ਰਿਵਾਲਵਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਦੀ ਸੂਚਨਾ ਮਿਲਣ 'ਤੇ ਆਈ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਐੱਸ ਐੱਸ ਪੀ ਦਫਤਰ ਫਾਜ਼ਿਲਕਾ ਦੇ ਚੋਣ ਦਫਤਰ 'ਚ ਤਾਇਨਾਤ ਅਤੇ ਅਬੋਹਰ ਦੇ ਗੁਰੂ ਕ੍ਰਿਪਾ ਕਾਲੋਨੀ ਦੇ ਵਾਸੀ ਸਬ ਇੰਸਪੈਕਟਰ ਬਲਜੀਤ ਸਿੰਘ ਆਪਣੀ ਪਤਨੀ ਨਾਲ ਐਤਵਾਰ ਸ਼ਾਮ ਸਬਜ਼ੀ ਲੈਣ ਲਈ ਬਾਜ਼ਾਰ ਗਏ ਸਨ। ਉਨ੍ਹਾਂ ਦਾ 25 ਸਾਲਾ ਪੁੱਤਰ ਨਵਜੋਤ ਸਿੰਘ ਘਰ ਇਕੱਲਾ ਸੀ। ਦੇਰ ਸ਼ਾਮ ਜਦੋਂ ਨਵਜੋਤ ਦੀ ਮਾਂ ਘਰ ਆਈ ਤਾਂ ਉਸ ਨੇ ਵੇਖਿਆ ਕਿ ਪੁੱਤਰ ਆਪਣੇ ਕਮਰੇ 'ਚ ਰਜਾਈ ਲੈ ਕੇ ਪਿਆ ਸੀ, ਪਰ ਰਜਾਈ ਹਟਾਉਣ ਉਤੇ ਉਸ ਨੇ ਦੇਖਿਆ ਕਿ ਨਵਜੋਤ ਖੂਨ ਨਾਲ ਲਿਬੜਿਆ ਪਿਆ ਸੀ। ਉਸ ਨੇ ਆਪਣੇ ਪਿਤਾ ਦੀ ਸਰਵਿਸ ਰਿਵਾਲਵਰ ਨਾਲ ਸਿਰ ਵਿੱਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਮਾਂ ਦੇ ਰੋਣ ਦੀ ਆਵਾਜ਼ ਸੁਣ ਕੇ ਗਵਾਂਢ ਦੇ ਲੋਕ ਇਕੱਠੇ ਹੋ ਗਏ ਅਤੇ ਇਸ ਦੀ ਸੂਚਨਾ ਉਸ ਦੇ ਪਿਤਾ ਅਤੇ ਪੁਲਸ ਨੂੰ ਦਿੱਤੀ ਗਈ। ਸਿਟੀ ਥਾਣਾ ਨੰਬਰ-1 ਦੇ ਮੁਖੀ ਜਤਿੰਦਰ ਸਿੰਘ ਅਤੇ ਡੀ ਐੱਸ ਪੀ ਕੁਲਦੀਪ ਸਿੰਘ ਭੁੱਲਰ ਘਟਨਾ ਵਾਲੀ ਥਾਂ ਪਹੁੰਚੇ। ਕੇਸ ਦੀ ਜਾਂਚ ਕਰ ਰਹੇ ਏ ਐੱਸ ਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਵਲੋਂ ਦਿੱਤੇ ਬਿਆਨ ਮੁਤਾਬਕ ਐੱਸ ਆਈ ਬਲਜੀਤ ਸਿੰਘ ਦੇ ਦੋ ਬੱਚੇ ਸਨ। ਨਵਜੋਤ ਕੈਨੇਡਾ ਜਾਣਾ ਚਾਹੁੰਦਾ ਸੀ ਅਤੇ ਉਸ ਨੇ ਦੋ ਵਾਰ ਅਪਲਾਈ ਕੀਤਾ, ਪਰ ਕਿਸੇ ਕਾਰਨ ਉਸ ਦਾ ਵੀਜ਼ਾ ਦੋਵੇਂ ਵਾਰ ਕੈਂਸਲ ਹੋ ਗਿਆ ਸੀ। ਇਸੇ ਕਾਰਨ ਉਹ ਮਾਨਸਿਕ ਰੂਪ ਤੋਂ ਪਰੇਸ਼ਾਨ ਸੀ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ।

# ਚੀਨ ਪੁਲਾੜ ਵਿੱਚ ਵੀ ਸੂਰਜੀ ਊਰਜਾ ਪਲਾਂਟ ਲਾਉਣ ਦੀ ਤਿਆਰੀ ਵਿੱਚ

ਬੀਜਿੰਗ, 4 ਮਾਰਚ (ਪੋਸਟ ਬਿਊਰੋ)- ਤਕਨੀਕ ਦੀ ਵਰਤੋਂ ਨਾਲ ਚੀਨ ਨੇ ਧਰਤੀ ਉੱਤੇ ਸ਼ਾਨਦਾਰ ਇਮਾਰਤਾਂ ਅਤੇ ਪੁਲ ਬਣਾਏ ਹਨ ਤੇ ਅੱਗੋਂ ਉਸ ਦਾ ਦਾਅਵਾ ਹੈ ਕਿ ਉਹ ਪੁਲਾੜ ਵਿਚ ਇਕ ਸੂਰਜੀ ਉਰਜਾ ਪਲਾਂਟ (ਸੋਅਰ ਐਨਰਜੀ ਪਲਾਂਟ) ਲਾਉਣ ਦੀ ਤਿਆਰੀ ਵਿਚ ਹੈ। ਇਸ ਨਾਲ ਇਕ ਪੂਰੇ ਸ਼ਹਿਰ ਨੂੰ ਰੋਸ਼ਨ ਕਰਨ ਲਈ ਲੋੜੀਂਦੀ ਬਿਜਲੀ ਧਰਤੀ 'ਤੇ ਭੇਜੀ ਜਾ ਸਕੇਗੀ। ਮਾਹਰਾਂ ਮੁਤਾਬਕ ਜੇ ਚੀਨ ਦੇ ਵਿਗਿਆਨੀ ਇਸ ਦੀਆਂ ਤਕਨੀਕੀ ਚੁਣੌਤੀਆਂ ਦਾ ਹੱਲ ਕਰ ਲੈਣਗੇ ਤਾਂ ਇਹ ਇਕ ਬਹੁਤ ਵੱਡੀ ਪ੍ਰਾਪਤੀ ਗਿਣੀ ਜਾਵੇਗੀ।

ਸਮਝਿਆ ਜਾਂਦਾ ਹੈ ਕਿ ਇਹ ਪ੍ਰਾਜੈਕਟ ਸਫਲ ਹੋਇਆ ਤਾਂ ਊਰਜਾ ਲਈ ਮੁੱਖ ਤੌਰ ਉੱਤੇ ਧਰਤੀ ਦੇ ਸਰੋਤਾਂ ਉੱਤੇ ਨਿਰਭਰ ਦੁਨੀਆ ਨੂੰ ਇਕ ਹੋਰ ਬਦਲ ਮਿਲੇਗਾ। ਇਸ ਕਦਮ ਨਾਲ ਹਵਾ ਪ੍ਰਦੂਸ਼ਣ ਤੇ ਗਲੋਬਲ ਵਾਰਮਿੰਗ ਵਧਣ ਦਾ ਡਰ ਵੀ ਜ਼ਾਹਰ ਕੀਤਾ ਗਿਆ ਹੈ। ਇਸ ਨਵੀਂ ਤਕਨੀਕ ਵਿਚ ਮਾਈਕ੍ਰੋਵੇਵਜ਼ ਜਾਂ ਲੇਜ਼ਰ ਨਾਲ ਊਰਜਾ ਨੂੰ ਧਰਤੀ ਉੱਤੇ ਭੇਜਿਆ ਜਾਵੇਗਾ। ਚੀਨ ਅਕੈਡਮੀ ਆਫ ਸਪੇਸ ਤਕਨਾਲੋਜੀ ਦੇ ਖੋਜੀ ਪਾਂਗ ਝਿਹਾਓ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਇਨਸਾਨਾਂ, ਪੌਦਿਆਂ ਤੇ ਜਾਨਵਰਾਂ ਉੱਤੇ ਹੋਣ ਵਾਲੇ ਇਸ ਪ੍ਰਕਿਰਿਆ ਦੇ ਸੰਭਾਵਿਤ ਮਾੜੇ ਪ੍ਰਭਾਵਾਂ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ। ਇਸ ਬਾਰੇ ਚੀਨ ਦੀ ਏਜੰਸੀ ਏਅਰੋਸਪੇਸ ਸਾਇੰਸ ਐਂਡ ਤਕਨਾਲੋਜੀ ਕਾਰਪੋਰੇਸ਼ਨ ਨੂੰ ਆਸ ਹੈ ਕਿ ਉਹ ਸਾਲ 2050 ਤੱਕ ਪੂਰੀ ਤਰ੍ਹਾਂ ਚਾਲੂ ਸੋਲਰ ਸਪੇਸ ਸਟੇਸ਼ਨ ਬਣਾ ਲਵੇਗੀ। ਚੀਨ ਨੇ ਸਾਲ 2020 ਤੱਕ ਨਵਿਆਉਣ ਯੋਗ ਊਰਜਾ ਦੇ ਖੇਤਰਾਂ ਜਿਵੇਂ ਸੋਲਰ, ਹਵਾ, ਹਾਈਡ੍ਰੋ ਅਤੇ ਐਟਮੀ ਵਿਚ 367 ਬਿਲੀਅਨ ਡਾਲਰ ਦੇ ਨਿਵੇਸ਼ ਦਾ ਪ੍ਰਣ ਲਿਆ ਹੈ। ਪੁਲਾੜ ਵਿਚ ਸੂਰਜੀ ਊਰਜਾ ਨੂੰ ਧਰਤੀ ਉੱਤੇ ਲਿਆਉਣ ਦੀਆਂ ਕੋਸ਼ਿਸ਼ਾਂ ਸਾਲ 1960 ਤੋਂ ਚੱਲ ਰਹੀਆਂ ਹਨ, ਪਰ ਤਕਨੀਕੀ ਮੁਸ਼ਕਲਾਂ ਕਾਰਨ ਹਾਲੇ ਤੱਕ ਇਹ ਸੰਭਵ ਨਹੀਂ ਹੋ ਸਕਿਆ। ਪੂਰੇ ਪਲਾਂਟ ਦੇ ਵੱਖ-ਵੱਖ ਹਿੱਸਿਆਂ ਜਿਵੇਂ ਸੋਲਰ, ਪੈਨਲਜ਼ ਤੇ ਬਿਜਲੀ ਟ੍ਰਾਂਸਮਿਸ਼ਨ ਲਈ ਤਿਆਰ ਕਰਨ ਵਾਲੇ ਜੰਤਰਾਂ ਨੂੰ ਪੁਲਾੜ ਵਿਚ ਭੇਜਿਆ ਜਾਵੇਗਾ। ਇਸ ਦੇ ਪਿੱਛੋਂ ਉਨ੍ਹਾਂ ਨੂੰ ਓਥੇ ਇਕੱਠੇ ਕਰਨ ਦੇ ਬਾਅਦ ਸੋਲਰ ਪਲਾਂਟ ਧਰਤੀ 'ਤੇ ਇਕ ਰਿਸੀਵਿੰਗ ਸਟੇਸ਼ਨ ਉੱਤੇ ਭੂ-ਸਥਿਰ ਔਰਬਿਟ ਵਿਚ ਫਿੱਟ ਕਰ ਦਿੱਤਾ ਜਾਵੇਗਾ। ਸੋਲਰ ਪਲਾਂਟ ਬਿਜਲੀ ਨੂੰ ਲੇਜ਼ਰ ਜਾਂ ਮਾਈਕ੍ਰੋਵੇਵਜ਼ ਜ਼ਰੀਏ ਧਰਤੀ 'ਤੇ ਭੇਜੇਗਾ, ਜਿੱਥੇ ਇਸ ਨੂੰ ਬਿਜਲੀ ਵਿਚ ਤਬਦੀਲ ਕਰ ਕੇ ਗ੍ਰਿਡ ਜ਼ਰੀਏ ਟ੍ਰਾਂਸਮਿਟ ਕਰ ਦਿੱਤਾ ਜਾਵੇਗਾ।

## ਪਾਇਲਟ ਅਭਿਨੰਦਨ ਦੀ ਰੀੜ੍ਹ ਅਤੇ ਪਸਲੀਆਂ 'ਚ ਸੱਟ ਲੱਗੀ

ਨਵੀਂ ਦਿੱਲੀ, 4 ਮਾਰਚ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦੇ ਜਾਂਬਾਜ਼ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਦੀ ਐਮ ਆਰ ਆਈ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਮਿਗ-21 ਤੋਂ ਪੈਰਾਸ਼ੂਟ ਰਾਹੀਂ ਲੈਂਡ ਕਰਨ ਦੌਰਾਨ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਸੱਟ ਲੱਗੀ ਅਤੇ ਉਸ ਦੀਆਂ ਪਸਲੀਆਂ 'ਚ ਵੀ ਸੱਟ ਲੱਗੀ ਹੈ। ਕੱਲ੍ਹ ਦਿੱਲੀ ਛਾਉਣੀ ਦੇ ਰਿਸਰਚ ਐਂਡ ਰੈਫਰਲ ਹਸਪਤਾਲ 'ਚ ਪਾਇਲਟ ਅਭਿਨੰਦਨ ਦੀ ਮੈਡੀਕਲ ਜਾਂਚ ਜਾਰੀ ਰਹੀ। ਡਾਕਟਰਾਂ ਦੀ ਇਕ ਟੀਮ ਉਨ੍ਹਾਂ ਦੀ ਸਿਹਤ ਦੀ ਨਿਗਰਾਨੀ ਕਰ ਰਹੀ ਹੈ। ਉਨ੍ਹਾਂ ਨੂੰ ਇਥੋਂ ਅਗਲੇ 10 ਦਿਨਾਂ ਤੱਕ ਆਪਣਾ ਇਲਾਜ ਕਰਾਉਣਾ ਹੋਵੇਗਾ।

# ਚੀਨ ਵਿੱਚ ਟਰੇਨਾਂ ਬਿਨਾਂ ਡਰਾਈਵਰ ਤੋਂ ਦੌੜਨਗੀਆਂ



ਬੀਜਿੰਗ, 4 ਮਾਰਚ (ਪੋਸਟ ਬਿਊਰੋ)- ਚੀਨ ਦੀ ਸਾਲ 2020 ਤੱਕ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜਨ ਵਾਲੀ ਨਵੀਂ ਪੀੜ੍ਹੀ ਦੀ 'ਮੈਗਲੇਵ ਟਰੇਨ' ਚਲਾਉਣ ਦੀ ਯੋਜਨਾ ਹੈ। ਇਹ ਟਰੇਨਾਂ ਬਿਨਾਂ ਡਰਾਈਵਰ ਦੌੜਨਗੀਆਂ। ਮੈਗਨੈਟਿਕ ਲੇਵੀਟੇਸ਼ਨ (ਮੈਗਲੇਵ) ਟਰੇਨਾਂ 600 ਕਿਲੋਮੀਟਰ ਪ੍ਰਤੀ ਘੰਟਾ ਗਤੀ ਨਾਲ ਚੱਲਣ ਵਿਚ ਸਮਰੱਥ ਹਨ। ਇਹ ਜ਼ਮੀਨ ਤੋਂ ਕਰੀਬ 10 ਸੈਂਟੀਮੀਟਰ ਉੱਚੀਆਂ ਚੱਲਦੀਆਂ ਹਨ। ਮੈਗਲੇਵ ਅਜਿਹੀ ਸਸਪੈਨਸ਼ਨ ਵਿਧੀ ਹੈ, ਜਿਸ ਦੇ ਵਿਚ ਟਰੇਨ ਨੂੰ ਸਰਫੀ ਚੁੰਬਕੀ ਖੇਤਰ ਦੇ ਆਸਰੇ ਨਾਲ ਚਲਾਇਆ ਜਾਂਦਾ ਹੈ।

ਇਸ ਸੰਬੰਧ ਵਿੱਚ ਚੀਨ ਦੀ ਇਕ ਸਰਕਾਰੀ ਸਮਾਚਾਰ ਏਜੰਸੀ ਨੇ ਸੀ ਆਰ ਆਰ ਸੀ ਝੁਝੋਊ ਲੋਕੋਮੋਟਿਵ ਕੰਪਨੀ ਲਿਮੀਟਿਡ ਦੇ ਹਵਾਲੇ ਨਾਲ ਕਿਹਾ ਗਿਆ ਕਿ ਇਕ ਵਾਰ ਇਸ ਦੀ ਆਵਾਜਾਈ ਸ਼ੁਰੂ ਹੋ ਜਾਵੇ ਤਾਂ ਇਹ ਚੀਨ ਦੀ ਵਪਾਰਕ ਵਰਤੋਂ ਲਈ ਸਭ ਤੋਂ ਤੇਜ਼ ਮੈਗਲੇਵ ਟਰੇਨਾਂ ਹੋਣਗੀਆਂ। ਸੀ ਆਰ ਆਰ ਸੀ ਲੋਕੋਮੋਟਿਵ ਮੈਗਲੇਵ ਗੱਡੀ ਨੂੰ ਬਣਾਉਣ ਦੇ ਲਈ ਕੋਸ਼ਿਸ਼ਾਂ ਦੀ ਅਗਵਾਈ ਕਰ ਰਹੀ ਹੈ। ਕੰਪਨੀ ਦੇ ਚੇਅਰਮੈਨ ਝੋਊ ਕਵਿੰਗਹੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਟਰੇਨ ਨੂੰ ਤੇਜ਼ ਗਤੀ ਨਾਲ ਚਲਾਉਣ ਵਿਚ ਸਮਰੱਥ ਬਣਾਉਣ ਲਈ ਨਵੀਂ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ। ਝੋਊ ਨੇ ਕਿਹਾ ਕਿ ਨਵੀਆਂ ਗੱਡੀਆਂ ਸ਼ਹਿਰਾਂ ਵਿਚ ਤੇ ਸ਼ਹਿਰੀ ਆਵਾਜਾਈ ਸਿਸਟਮ ਵਿਚ ਚੱਲਣ ਲਈ ਸਹੀ ਹਨ। ਇਹ ਦੁਨੀਆ ਦੀ ਪਹਿਲੀ ਮੈਗਲੇਵ ਟਰੇਨ ਹੋਵੇਗੀ, ਜੋ 200 ਕਿਲੋਮੀਟਰ ਪ੍ਰਤੀ ਘੰਟਾ ਗਤੀ ਨਾਲ ਦੌੜੇਗੀ। ਵਰਤਮਾਨ ਵਿਚ ਚੀਨ ਕੋਲ ਦੁਨੀਆ ਦਾ ਸਭ ਤੋਂ ਉੱਚ ਗਤੀ ਦਾ ਰੇਲ ਨੈੱਟਵਰਕ ਹੈ।

BRITANNIA AUTO BODY
We deal with All Major Insurance companies
401 & Dixie Rd
Call: 416.671.7252
